Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI/PUNPUN00806 • Issue Dated 20-12-2025 • Vol.43 No.51 • M. 90410-14575 • Page 16

E-mail : khetiduniyan1983@gmail.com



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 400/- ਰੁਪਏ

ਦੋ ਸਾਲ ਲਈ 700/- ਰੁਪਏ


# ਕਣਕ ਦੀ ਪਿਛੇਤੀ ਬਿਜਾਈ ਲਈ ਕੁੱਝ ਨੁਕਤੇ


ਜਗਮਨਜੋਤ ਸਿੰਘ ਮਾਨ ਅਤੇ ਅਮਿਤ ਕੌਲ, ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ

ਮੋਬਾਇਲ : 94929-00307




ਕਣਕ ਦੀ ਪਿਛੇਤੀ ਬਿਜਾਈ ਵਿੱਚ ਪੂਰਾ ਝਾੜ ਪ੍ਰਾਪਤ ਕਰਨ ਲਈ ਕੁਝ ਸੁਧਰੀਆਂ ਸਿਫ਼ਾਰਸ਼ਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ ।

| ਉੱਨਤ ਕਿਸਮਾਂ | ਬਿਜਾਈ ਦਾ ਸਮਾਂ | ਪੱਕਣ ਲਈ ਦਿਨ | ਝਾੜ (ਕੁਇੰਟਲ/ਏਕੜ) | ਵਿਸ਼ੇਸ਼ਤਾਵਾਂ |
|---|---|---|---|---|
| ਪੀ ਬੀ ਡਬਲਯੂ 771 | ਨਵੰਬਰ ਦੇ ਚੌਥੇ ਹਫ਼ਤੇ ਤੋਂ ਦਸੰਬਰ ਦੇ ਚੌਥੇ ਹਫ਼ਤੇ ਤੱਕ | 133 | 19.0 | ਇਹ ਕਿਸਮ ਪੀਲੀ ਕੁੰਗੀ ਦਾ ਕਾਫ਼ੀ ਹੱਦ ਤੱਕ ਅਤੇ ਭੂਰੀ ਕੁੰਗੀ ਦਾ ਪੂਰੀ ਤਰ੍ਹਾਂ ਟਾਕਰਾ ਕਰਦੀ ਹੈ |
| ਪੀ ਬੀ ਡਬਲਯੂ 752 | ਨਵੰਬਰ ਦੇ ਚੌਥੇ ਹਫ਼ਤੇ ਤੋਂ ਦਸੰਬਰ ਦੇ ਚੌਥੇ ਹਫ਼ਤੇ ਤੱਕ | 114 | 15.8 | ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ |
| ਪੀ ਬੀ ਡਬਲਯੂ 757 | ਜਨਵਰੀ ਦਾ ਪਹਿਲਾ ਪੰਦਰਵਾੜਾ | 130 | 19.2 | |

**ਕਿਸਮਾਂ ਦੀ ਚੋਣ** : ਕਣਕ ਦੀ ਪਿਛੇਤੀ ਬਿਜਾਈ ਲਈ ਹੇਠਾਂ ਦਿੱਤੀਆਂ ਕਿਸਮਾਂ ਵਿੱਚੋਂ ਕਣਕ ਦੀਆਂ ਕਿਸਮਾਂ ਦੀ ਚੋਣ ਕਰੋ ।

★ **ਬੀਜ ਦੀ ਮਾਤਰਾ ਅਤੇ ਬਿਜਾਈ ਦਾ ਤਰੀਕਾ** : 40 ਕਿਲੋਗ੍ਰਾਮ ਬੀਜ ਪ੍ਰਤੀ ਏਕੜ ਵਰਤੋਂ । ਮਸ਼ੀਨ ਦੇ ਸਿਆੜਾਂ ਦੇ ਵਿੱਚ ਫਾਸਲੇ ਨੂੰ ਘੱਟ ਕਰਕੇ 15 ਸੈਂਟੀਮੀਟਰ ਕਰ ਦੇਣਾ ਚਾਹੀਦਾ ਹੈ ਤਾਂ ਜੋ ਨਦੀਨਾਂ ਦੀ ਸਮੱਸਿਆ ਘੱਟ ਸਕੇ ਅਤੇ ਪੂਰਾ ਝਾੜ ਮਿਲ ਸਕੇ ।

★ **ਖਾਦ ਪ੍ਰਬੰਧਨ** : ਕਣਕ ਦੀ ਫ਼ਸਲ ਵਿੱਚ ਖਾਦ ਦੀ ਵਰਤੋਂ ਲੋੜ ਮੁਤਾਬਿਕ ਅਤੇ ਮਿੱਟੀ ਪਰਖ ਦੇ ਆਧਾਰ ਤੇ ਕਰਨੀ ਚਾਹੀਦੀ ਹੈ । ਜੇ ਕਿਸੇ ਵੀ ਕਾਰਨ ਕਣਕ ਦੀ ਬਿਜਾਈ 20 ਦਸੰਬਰ ਤੋਂ ਲੇਟ ਹੋ ਜਾਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਘੱਟ ਕਰ ਦਿਓ ਅਤੇ 35 ਕਿਲੋ ਯੂਰੀਆ ਪ੍ਰਤੀ ਏਕੜ ਨੂੰ ਪਹਿਲੇ ਅਤੇ ਦੂਜੇ ਪਾਣੀ ਨਾਲ ਖੇਤ ਵਿੱਚ ਪਾਓ ।

★ **ਸਿੰਚਾਈ ਪ੍ਰਬੰਧਨ** : ਬਿਜਾਈ ਵਿੱਚ ਹੋਰ ਦੇਰੀ ਤੋਂ ਬਚਣ ਲਈ ਪਿਛਲੀ ਬੀਜੀ ਫ਼ਸਲ ਦੀ ਵਾਢੀ ਤੋਂ ਪਹਿਲਾਂ ਖੜ੍ਹੀ ਫ਼ਸਲ ਨੂੰ ਪਾਣੀ ਲਾ ਦੇਣਾ ਚਾਹੀਦਾ ਹੈ । ਕਣਕ ਦੀ ਫ਼ਸਲ ਵਿੱਚ ਤਾਪਮਾਨ ਦੇ ਵਾਧੇ ਕਾਰਨ ਤਣਾਅ ਤੋਂ ਬਚਣ ਲਈ ਪਿਛੇਤੀ ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਪਾਣੀ ਲਗਾਉਣਾ ਚਾਹੀਦਾ ਹੈ । ਪਿਛੇਤੀ ਬੀਜੀ ਕਣਕ ਨੂੰ ਪਾਣੀ ਲਗਾਉਣ ਲਈ ਹੇਠਾਂ ਦਿੱਤੀ ਸਾਰਣੀ ਦੀ ਵਰਤੋਂ ਕਰੋ ।

| ਸਿੰਚਾਈ | 20 ਦਸੰਬਰ ਤੱਕ ਬਿਜਾਈ | 21 ਦਸੰਬਰ ਤੋਂ ਬਾਅਦ ਬਿਜਾਈ |
|---|---|---|
| ਪਹਿਲਾ ਪਾਣੀ | ਬਿਜਾਈ ਤੋਂ 4 ਹਫ਼ਤੇ ਬਾਅਦ | ਬਿਜਾਈ ਤੋਂ 4 ਹਫ਼ਤੇ ਬਾਅਦ |
| ਦੂਜਾ ਪਾਣੀ | ਪਹਿਲੇ ਪਾਣੀ ਤੋਂ 5-6 ਹਫ਼ਤੇ ਬਾਅਦ | ਪਹਿਲੇ ਪਾਣੀ ਤੋਂ 4 ਹਫ਼ਤੇ ਬਾਅਦ |
| ਤੀਜਾ ਪਾਣੀ | ਦੂਜੇ ਪਾਣੀ ਤੋਂ 3-4 ਹਫ਼ਤੇ ਬਾਅਦ | ਦੂਜੇ ਪਾਣੀ ਤੋਂ 3 ਹਫ਼ਤੇ ਬਾਅਦ |
| ਚੌਥਾ ਪਾਣੀ | ਤੀਜੇ ਪਾਣੀ ਤੋਂ 2 ਹਫ਼ਤੇ ਬਾਅਦ | ਤੀਜੇ ਪਾਣੀ ਤੋਂ 2 ਹਫ਼ਤੇ ਬਾਅਦ |

# ਸ਼ਹਿਰਾਂ ਵਿੱਚ ਖਪਣ ਲੱਗੇ 'ਸੋਨਾ' ਉਗਾਉਣ ਵਾਲੇ ਖੇਤ

## • ਪੰਜ ਸਾਲਾਂ ਅੰਦਰ ਖੇਤੀ ਹੇਠਲਾ ਰਕਬਾ ਘਟਿਆ, ਕੌਮੀ ਮਾਰਗਾਂ ਹੇਠ ਆਈ ਵਾਹੀਯੋਗ ਜ਼ਮੀਨ
## • ਹਰਿਆਣਾ ਵਿੱਚ ਖੇਤੀਯੋਗ ਰਕਬਾ ਡੇਢ ਲੱਖ ਏਕੜ ਵਧਿਆ



ਪੰਜਾਬ ਅਤੇ ਹਰਿਆਣਾ ਨੂੰ ਦੇਸ਼ ਦਾ ਅਨਾਜ ਦਾ ਕਟੋਰਾ ਕਿਹਾ ਜਾਂਦਾ ਹੈ, ਪਰ ਇਨ੍ਹਾਂ ਦੋਵਾਂ ਸੂਬਿਆਂ ਦੇ ਰੁਝਾਨ ਹੁਣ ਵੱਖੋ-ਵੱਖਰੇ ਨਜ਼ਰ ਆ ਰਹੇ ਹਨ । ਲੰਘੇ ਪੰਜ ਵਰ੍ਹਿਆਂ ਵਿੱਚ ਪੰਜਾਬ ਵਿੱਚ ਖੇਤੀ ਹੇਠੋਂ ਕਰੀਬ 30 ਹਜ਼ਾਰ ਏਕੜ ਰਕਬਾ ਘਟਿਆ ਹੈ, ਪਰ ਹਰਿਆਣਾ ਵਿੱਚ ਕਰੀਬ ਡੇਢ ਲੱਖ ਏਕੜ ਰਕਬਾ ਵਧਿਆ ਹੈ । ਪੰਜਾਬ ਦੇ ਉਪਜਾਊ ਖੇਤ ਹੁਣ ਸ਼ਹਿਰਾਂ ਹੇਠ ਖਪਣ ਲੱਗੇ ਹਨ ।

'ਜ਼ਮੀਨੀ ਵਰਤੋਂ ਦਾ ਅੰਕੜਾ 2023-24' ਅਨੁਸਾਰ ਸਾਲ 2019-20 ਤੋਂ ਲੈ ਕੇ ਸਾਲ 2023-24 ਤੱਕ ਪੰਜਾਬ ਵਿੱਚ ਖੇਤੀ ਹੇਠਲੇ ਰਕਬੇ ਵਿੱਚ 30 ਹਜ਼ਾਰ ਏਕੜ ਦੀ ਕਮੀ ਆਈ ਹੈ । ਪੰਜਾਬ ਵਿੱਚ ਵਰ੍ਹਾ 2019-20 ਵਿੱਚ ਖੇਤੀ ਹੇਠ 42.38 ਲੱਖ ਹੈਕਟੇਅਰ ਰਕਬਾ ਸੀ, ਜੋ ਹੁਣ ਘੱਟ ਕੇ 42.26 ਲੱਖ ਹੈਕਟੇਅਰ ਰਹਿ ਗਿਆ ਹੈ । ਏਕੜਾਂ ਵਿੱਚ ਦੇਖੀਏ ਤਾਂ 30 ਹਜ਼ਾਰ ਏਕੜ ਦੀ ਕਮੀ ਆਈ ਹੈ । ਵੱਧ ਰਹੇ ਸ਼ਹਿਰ ਖੇਤਾਂ ਨੂੰ ਜਜ਼ਬ ਕਰ ਰਹੇ ਹਨ । ਹਰਿਆਣਾ ਵਿੱਚ ਸਾਲ 2019-20 ਵਿੱਚ 37.94 ਲੱਖ ਹੈਕਟੇਅਰ ਰਕਬਾ ਖੇਤੀ ਹੇਠ ਸੀ, ਜੋ ਸਾਲ 2023-24 ਵਿੱਚ ਵੱਧ ਕੇ 38.53 ਲੱਖ ਹੈਕਟੇਅਰ ਹੋ ਗਿਆ ਹੈ । ਇਹ ਵਾਧਾ 1,47,500 ਏਕੜ ਰਕਬੇ ਦਾ ਹੈ । ਪੰਜਾਬ ਦੇ ਜ਼ਿਲ੍ਹਾ ਮੁਹਾਲੀ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ ਅਤੇ ਪਟਿਆਲਾ ਵਿੱਚ ਸ਼ਹਿਰਾਂ ਦਾ ਵਿਸਥਾਰ ਹੋਇਆ ਹੈ । ਸ਼ਹਿਰਾਂ ਦੇ ਬਾਹਰੀ ਖੇਤਰਾਂ ਵਿੱਚ ਕਲੋਨੀਆਂ ਉਸਰੀਆਂ ਹਨ, ਜਿਸ ਨੇ ਪੈਲੀਆਂ ਹੇਠਲਾ ਰਕਬਾ ਘਟਾ ਦਿੱਤਾ ਹੈ । ਪੰਜਾਬ ਵਿੱਚ ਹਰ ਸਾਲ ਕਰੀਬ 32 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਲਵਾਈ ਹੁੰਦੀ ਹੈ ਅਤੇ 35 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਂਦ ਹੁੰਦੀ ਹੈ । ਕੇਂਦਰੀ ਪੂਲ ਵਿੱਚ ਅਨਾਜ ਪੱਖੋਂ ਪੰਜਾਬ ਅਤੇ ਹਰਿਆਣਾ ਦਾ ਪ੍ਰਮੁੱਖ ਹਿੱਸਾ ਹੈ । ਪੰਜਾਬ ਵਿੱਚ ਪਿਛਲੇ ਵਰ੍ਹਿਆਂ ਤੋਂ ਸੜਕੀ ਜਾਲ ਤੇਜ਼ੀ ਨਾਲ ਵਿਛਿਆ ਹੈ ਅਤੇ ਕੌਮੀ ਮਾਰਗਾਂ ਲਈ ਵੱਡੀ ਪੱਧਰ 'ਤੇ ਜ਼ਮੀਨ ਐਕੁਆਇਰ ਹੋਈ ਹੈ । ਕੌਮੀ ਸੜਕ ਮਾਰਗਾਂ 'ਤੇ ਖੁੱਲ੍ਹ ਰਹੇ ਆਊਟਲੈਟ ਵੀ ਖੇਤੀ ਜ਼ਮੀਨਾਂ ਘਟਾ ਰਹੇ ਹਨ । ਪੰਜਾਬ ਵਿੱਚ ਲੰਘੇ ਦੋ ਵਰ੍ਹਿਆਂ ਵਿੱਚ ਖੇਤੀ ਵਾਲੀਆਂ ਜ਼ਮੀਨਾਂ ਦੇ ਭਾਅ ਵੀ ਵਧੇ ਹਨ । ਖੇਤੀ ਵਾਲੀ ਜ਼ਮੀਨ ਦੀ ਗੈਰ-ਖੇਤੀ ਕੰਮਾਂ ਲਈ ਵਰਤੋਂ ਹੋਣ ਲੱਗੀ ਹੈ ।

### ਸ਼ਹਿਰੀਕਰਨ ਦੀ ਰਫਤਾਰ ਵਧੀ : ਚੇਅਰਮੈਨ

ਪੰਜਾਬ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਆਖਦੇ ਹਨ ਕਿ ਲੰਮੇ ਸਮੇਂ ਤੋਂ ਇਹ ਰੁਝਾਨ ਚੱਲ ਰਿਹਾ ਹੈ ਕਿ ਖੇਤੀ ਹੇਠਲੇ ਰਕਬੇ ਵਿੱਚ ਕਮੀ ਹੋ ਰਹੀ ਹੈ, ਪਰ ਹੁਣ ਸ਼ਹਿਰੀਕਰਨ ਦੀ ਤੇਜ਼ ਰਫਤਾਰ ਨੇ ਖੇਤੀ ਰਕਬੇ ਨੂੰ ਸੰਨ੍ਹ ਲਾਈ ਹੈ । ਜਿਵੇਂ-ਜਿਵੇਂ ਪੇਂਡੂ ਲੋਕ ਵੱਲ ਪਰਵਾਸ ਕਰ ਰਹੇ ਹਨ, ਸ਼ਹਿਰਾਂ ਦਾ ਪਸਾਰ ਹੋ ਰਿਹਾ ਹੈ ।




# ਸਰ੍ਹੋਂ ਦੇ ਚੇਪੇ ਦੀ ਸੁਚੱਜੀ ਰੋਕਥਾਮ



ਸਰ੍ਹੋਂ ਹਾੜੀ ਦੀ ਪ੍ਰਮੁੱਖ ਤੇਲਬੀਜ ਫ਼ਸਲ ਹੈ । ਚੇਪਾ ਇਸ ਫ਼ਸਲ ਦਾ ਇੱਕ ਅਜਿਹਾ ਮਹੱਤਵਪੂਰਨ ਕੀੜਾ ਹੈ, ਜਿਸਦੀ ਕਿ ਜੇਕਰ ਵੇਲੇ ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਪੂਰੀ ਫ਼ਸਲ ਨੂੰ ਬਰਬਾਦ ਕਰਨ ਦੀ ਸਮੱਰਥਾ ਰੱਖਦਾ ਹੈ । ਇਹ ਸਰ੍ਹੋਂ ਤੇ ਆਮ ਕਰਕੇ ਜਨਵਰੀ ਤੋਂ ਮਾਰਚ ਤੱਕ ਨੁਕਸਾਨ ਕਰਦਾ ਹੈ । ਜਿਨ੍ਹਾਂ ਖੇਤਾਂ ਦਾ ਕਿਸਾਨ ਵੀਰ ਸਰਵੇਖਣ ਨਹੀਂ ਕਰਦੇ, ਅਜਿਹੇ ਖੇਤਾਂ ਵਿੱਚ ਕਈ ਵਾਰ ਪੂਰੀ ਦੀ ਪੂਰੀ ਫ਼ਸਲ ਬਰਬਾਦ ਹੋ ਜਾਂਦੀ ਹੈ ।

### ਚੇਪੇ ਦਾ ਸਰਵੇਖਣ

ਆਮ ਕਰਕੇ ਇਹ ਵੇਖਣ ਵਿੱਚ ਆਉਂਦਾ ਹੈ ਕਿ ਕਿਸਾਨ ਵੀਰ ਖੇਤ ਦੇ ਇੱਕ ਪਾਸੇ ਕੁੱਝ ਕੁ ਚੇਪੇ ਵੇਖ ਕੇ ਛਿੜਕਾਅ ਸ਼ੁਰੂ ਕਰ ਦਿੰਦੇ ਹਨ, ਜਦ ਕਿ ਅਸਲ ਵਿੱਚ ਛਿੜਕਾਅ ਦੀ ਲੋੜ ਹੁੰਦੀ ਹੀ ਨਹੀਂ । ਇਸ ਤਰ੍ਹਾਂ ਨਾ ਕੇਵਲ ਕਿਸਾਨ ਵੀਰ ਬੇਲੋੜਾ ਖਰਚਾ ਕਰਦੇ ਹਨ, ਸਗੋਂ ਬਿਨਾਂ ਕਾਰਣ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ । ਆਮ ਕਰਕੇ ਜਨਵਰੀ ਦੇ ਮਹੀਨੇ ਸਰ੍ਹੋਂ ਦੇ ਚੇਪੇ ਦੀ ਸੰਖਿਆ 'ਆਰਥਿਕ ਨੁਕਸਾਨ ਪੱਧਰ' ਤੋਂ ਘੱਟ ਹੁੰਦੀ ਹੈ ਅਤੇ ਕਿਸੇ ਛਿੜਕਾਅ ਦੀ ਲੋੜ ਨਹੀਂ ਹੁੰਦੀ ।

ਚੇਪੇ ਦੀ ਸੁਚੱਜੀ ਅਤੇ ਸਹੀ ਸਮੇਂ ਤੇ ਰੋਕਥਾਮ ਲਈ ਸਰਵੇਖਣ ਦੀ ਬੜੀ ਮਹੱਤਤਾ ਹੈ । ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਜੇ ਹੋ ਸਕੇ ਤਾਂ, ਦੋ ਵਾਰ ਖੇਤ ਦਾ ਸਰਵੇਖਣ ਕਰੋ । ਰੋਕਥਾਮ ਕਰਨ ਦਾ ਫੈਸਲਾ 'ਆਰਥਿਕ ਨੁਕਸਾਨ ਪੱਧਰ' ਦੇ ਅਧਾਰ ਤੇ ਹੋਣਾ ਚਾਹੀਦਾ ਹੈ ਨਾ ਕਿ ਖੇਤ ਵਿੱਚ ਕੁੱਝ ਕੁ ਬੂਟਿਆਂ ਤੇ ਕੁਝ ਕੁ ਚੇਪੇ ਹੋਣ ਦੇ ਅਧਾਰ ਤੇ । ਆਰਥਿਕ ਨੁਕਸਾਨ ਪੱਧਰ ਦਾ ਪਤਾ ਲਗਾਉਣ ਲਈ ਇੱਕ ਖੇਤ ਨੂੰ ਚਾਰ ਭਾਗਾਂ ਵਿੱਚ ਵੰਡ ਲਵੋ ਅਤੇ ਹਰੇਕ ਭਾਗ ਵਿੱਚੋਂ ਦੂਰ-ਦੂਰ ਫੈਲੇ ਹੋਏ 3-4 ਬੂਟਿਆਂ ਦੀ ਚੋਣ ਕਰ ਲਵੋ (ਭਾਵ ਇੱਕ ਏਕੜ ਖੇਤ ਵਿੱਚ 12-16 ਬੂਟੇ)। ਬੂਟੇ ਦੀ ਵਿਚਕਾਰਲੀ ਸ਼ਾਖ਼ ਦੇ ਉਪਰਲੇ 10 ਸੈਂਟੀਮੀਟਰ ਹਿੱਸੇ ਤੇ ਚੇਪੇ ਦੀ ਗਿਣਤੀ ਕਰੋ ਅਤੇ 12-16 ਬੂਟਿਆਂ ਦੀ ਔਸਤ ਕੱਢ ਲਵੋ । ਜੇਕਰ ਇਹ ਔਸਤ 50-60 ਚੇਪੇ ਪ੍ਰਤੀ ਬੂਟਾ ਜਾਂ ਉਸ ਤੋਂ ਵੱਧ ਹੈ ਤਾਂ ਇਸਦੀ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ ।

ਚੇਪੇ ਦਾ ਛੋਟਾ ਆਕਾਰ ਹੋਣ ਕਰਕੇ ਕਈ ਵਾਰ ਕਿਸਾਨਾਂ ਨੂੰ ਇਸਦੀ ਗਿਣਤੀ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ । ਅਜਿਹੀ ਸਥਿਤੀ ਵਿੱਚ ਜੇਕਰ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਉਪਰਲਾ 0.5-1.0 ਸੈਂਟੀਮੀਟਰ ਹਿੱਸਾ ਪੂਰੇ ਦਾ ਪੂਰਾ ਚੇਪੇ ਨਾਲ ਢਕਿਆ ਹੋਵੇ ਤਾਂ ਇਸਦੀ ਰੋਕਥਾਮ ਜ਼ਰੂਰ ਕਰੋ ।

ਜੇਕਰ ਚੇਪੇ ਦੀ ਸੰਖਿਆ ਆਰਥਿਕ ਨੁਕਸਾਨ ਪੱਧਰ ਤੇ ਪਹੁੰਚ ਗਈ ਹੈ ਤਾਂ ਫ਼ਸਲ ਤੇ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆ-ਮੈਥਾਕਸਮ) ਜਾਂ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਜੇਕਰ ਲੋੜ ਪਵੇ ਤਾਂ 15 ਦਿਨਾਂ ਬਾਦ ਮੁੜ ਤੋਂ ਛਿੜਕਾਅ ਕਰੋ । ਦੁਬਾਰਾ ਛਿੜਕਾਅ ਦੀ ਸਥਿਤੀ ਵਿੱਚ ਹੋ ਸਕੇ ਤਾਂ ਕੀਟਨਾਸ਼ਕ ਬਦਲ ਕੇ ਛਿੜਕਾਅ ਕਰੋ ਅਤੇ ਇੱਕ ਹੀ ਕੀਟਨਾਸ਼ਕ ਦੇ ਬਾਰ-ਬਾਰ ਛਿੜਕਾਅ ਤੋਂ ਸੰਕੋਚ ਕਰੋ । ਛਿੜਕਾਅ ਹਮੇਸ਼ਾ ਦੁਪਹਿਰ ਬਾਅਦ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਮਧੂਮੱਖੀਆਂ ਅਤੇ ਹੋਰ ਪਰ-ਪ੍ਰਾਗਣ ਵਾਲੇ ਕੀਟ ਘੱਟ ਹਰਕਤ ਵਿੱਚ ਹੁੰਦੇ ਹਨ ।

ਇਸ ਤੋਂ ਇਲਾਵਾ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕੁੱਝ ਕਿਸਾਨ ਲਾਲ ਭੂੰਡੀ ਦੇ ਬੱਚਿਆਂ ਨੂੰ ਹਾਨੀਕਾਰਕ ਕੀੜਾ ਸਮਝ ਬੈਠਦੇ ਹਨ, ਜਦ ਕਿ ਇਹ ਮਿੱਤਰ ਕੀੜਾ ਹੁੰਦਾ ਹੈ । ਇਸ ਲਈ ਰੋਕਥਾਮ ਦੇ ਉਪਰਾਲੇ ਕਰਨ ਤੋਂ ਪਹਿਲਾਂ ਕੀੜਿਆਂ ਦੀ ਸਹੀ ਪਹਿਚਾਣ ਕਰ ਲੈਣੀ ਚਾਹੀਦੀ ਹੈ । ਹਾਨੀਕਾਰਕ ਅਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਕਰਕੇ, ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦਾ ਸਹੀ ਸਮੇਂ ਅਤੇ ਸਹੀ ਮਾਤਰਾ ਵਿੱਚ ਛਿੜਕਾਅ ਕਰਕੇ ਕਿਸਾਨ ਵੀਰ ਨਾ ਸਿਰਫ਼ ਚੇਪੇ ਦੀ ਸੁਚੱਜੀ ਰੋਕਥਾਮ ਕਰ ਸਕਦੇ ਹਨ, ਸਗੋਂ ਮਧੂ ਮੱਖੀਆਂ ਅਤੇ ਹੋਰ ਮਿੱਤਰ ਕੀੜਿਆਂ ਤੇ ਹੋਣ ਵਾਲੇ ਕੀਟਨਾਸ਼ਕਾਂ ਦੇ ਪ੍ਰਭਾਵ ਤੋਂ ਵੀ ਬਚ ਸਕਦੇ ਹਨ ਅਤੇ ਫ਼ਸਲ ਤੋਂ ਚੰਗਾ ਝਾੜ ਲੈ ਸਕਦੇ ਹਨ ।

**ਸਰਵਣ ਕੁਮਾਰ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ**
**ਮੋਬਾਇਲ : 88376-75449**

# ਸਰਦ ਮੌਸਮ ਵਿੱਚ ਬਾਗਾਂ ਦਾ ਸੁਚੱਜਾ ਪ੍ਰਬੰਧ

**ਜਤਿੰਦਰ ਕੁਮਾਰ, ਬਾਗਬਾਨੀ ਵਿਕਾਸ ਅਫ਼ਸਰ, ਪਠਾਨਕੋਟ**
**ਸੁਖਜੀਤ ਕੌਰ, ਸੀਨੀਅਰ ਫ਼ਲ ਵਿਗਿਆਨੀ, ਪੀ. ਏ. ਯੂ., ਖੇਤਰੀ ਖੋਜ ਕੇਂਦਰ, ਗੁਰਦਾਸਪੁਰ**

ਫਲਦਾਰ ਬੂਟੇ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਕਰਨ ਅਤੇ ਬਾਗਾਂ ਤੋਂ ਚੰਗੀ ਆਮਦਨ ਪ੍ਰਾਪਤ ਕਰਨ ਦੇ ਨਾਲ-ਨਾਲ ਸਾਡੀ ਸਰੀਰਕ ਸਿਹਤ ਤੇ ਭੋਜਨ ਸੁਰੱਖਿਆ ਵਿੱਚ ਅਹਿਮ ਕਿਰਦਾਰ ਨਿਭਾਉਂਦੇ ਹਨ । ਬਾਗ ਲਗਾਉਣ ਲਈ ਸਹੀ ਯੋਜਨਾਬੰਦੀ, ਪੈਸਾ, ਮਜ਼ਦੂਰੀ ਤੇ ਤਕਨੀਕੀ ਗਿਆਨ ਦੀ ਜ਼ਰੂਰਤ ਹੁੰਦੀ ਹੈ । ਬਾਗ ਦਾ ਵਧੀਆ ਪ੍ਰਬੰਧਨ ਸਭ ਤੋਂ ਮਹੱਤਵਪੂਰਨ ਕੰਮ ਹੈ, ਜੋ ਬਾਗਾਂ ਦੀ ਸਿਹਤ ਅਤੇ ਉਪਜ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ । ਇਸ ਲਈ ਬਾਗਾਂ ਦੀ ਸਾਂਭ-ਸੰਭਾਲ ਚੰਗੇ ਤਰੀਕੇ ਨਾਲ ਕਰਨਾ ਬਹੁਤ ਜ਼ਰੂਰੀ ਹੈ । ਬਾਗਾਂ ਵਿੱਚ ਵਹਾਈ, ਖਾਦ ਦਾ ਪ੍ਰਬੰਧ, ਨਦੀਨਾਂ ਦੀ ਰੋਕਥਾਮ, ਸਿਧਾਈ ਅਤੇ ਕਾਂਟ-ਛਾਂਟ, ਸਿੰਜਾਈ, ਮਲਚਿੰਗ ਆਦਿ ਕੰਮ ਬਾਗ ਪ੍ਰਬੰਧਨ ਦਾ ਮਹੱਤਵਪੂਰਨ ਹਿੱਸਾ ਹਨ । ਸਰਦੀਆਂ ਦਾ ਸਮਾਂ ਇਨ੍ਹਾਂ ਪ੍ਰਬੰਧਕੀ ਕੰਮਾਂ ਲਈ ਸਭ ਤੋਂ ਉਚਿਤ ਹੁੰਦਾ ਹੈ ਕਿਉਂਕਿ ਇਸ ਦੌਰਾਨ ਬੂਟੇ ਘੱਟ ਕਿਰਿਆਸ਼ੀਲ ਰਹਿੰਦੇ ਹਨ ਤੇ ਪੱਤਝੜ ਵਾਲੇ ਪੌਦੇ ਆਪਣੇ ਪੱਤੇ ਝਾੜ ਕੇ ਆਰਾਮ ਦੀ ਅਵਸਥਾ ਵਿੱਚ ਚੱਲੇ ਜਾਂਦੇ ਹਨ । ਸਰਦੀਆਂ ਦੇ ਮੌਸਮ ਦੌਰਾਨ ਕੀਤੇ ਜਾਣ ਵਾਲੇ ਬਾਗ ਪ੍ਰਬੰਧਨ ਦੇ ਮੁੱਖ ਕਾਰਜ ਕੁੱਝ ਇਸ ਪ੍ਰਕਾਰ ਹਨ :-

### ਛੋਟੇ ਫਲਦਾਰ ਬੂਟਿਆਂ ਨੂੰ ਬਚਾਉਣਾ

ਪੰਜਾਬ ਵਿੱਚ ਆਮ ਤੌਰ 'ਤੇ ਸਰਦੀ ਦੇ ਮੌਸਮ ਦਸੰਬਰ ਤੇ ਜਨਵਰੀ ਮਹੀਨਿਆਂ ਵਿੱਚ ਕੋਰਾ ਪੈਂਦਾ ਹੈ । ਕਈ ਵਾਰ ਇਹ ਕੋਰਾ ਫਰਵਰੀ ਵਿੱਚ ਵੀ ਵੇਖਣ ਨੂੰ ਮਿਲਦਾ ਹੈ । ਇਹ ਕੋਰਾ ਬਹੁਤ ਹੀ ਖ਼ਤਰਨਾਕ ਹੁੰਦਾ ਹੈ, ਜਿਸ ਤੋਂ ਫਲਾਂ ਦੇ ਛੋਟੇ ਬੂਟਿਆਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੁੰਦਾ ਹੈ । ਉੱਤਰੀ ਭਾਰਤ ਵਿੱਚ ਹੋਣ ਵਾਲੇ ਫਲਦਾਰ ਜਿਵੇਂ ਕਿ ਅੰਬ, ਪਪੀਤਾ, ਲੀਚੀ ਤੇ ਕੇਲਾ ਠੰਢ ਪ੍ਰਤੀ ਸੰਵੇਦਨਸ਼ੀਲ ਹਨ । ਘੱਟ ਸਹਿਣਸ਼ੀਲ ਫਲਾਂ ਵਿੱਚ ਨਿੰਬੂ ਜਾਤੀ, ਲੁਕਾਠ, ਅਮਰੂਦ, ਬੇਰ, ਅਨਾਰ ਤੇ ਔਲਾ ਹਨ । ਇਸ ਤੋਂ ਇਲਾਵਾ ਆੜੂ, ਅਲੂਚਾ, ਨਾਖ, ਅੰਗੂਰ, ਫਾਲਸਾ ਤੇ ਕਰੌਂਦਾ ਬਹੁਤ ਸਹਿਣਸ਼ੀਲ ਫਲ ਹਨ । ਕੋਰੇ ਦਾ ਪ੍ਰਭਾਵ ਫਲਾਂ ਦੀ ਕਿਸਮ, ਵਿਕਾਸ ਦੇ ਪੜਾਅ, ਬੂਟਿਆਂ ਦੀ ਉਮਰ, ਬਾਗ ਦੀ ਦਿਸ਼ਾ ਤੇ ਮਿੱਟੀ ਦੀ ਕਿਸਮ ਅਨੁਸਾਰ ਵੱਖ-ਵੱਖ ਹੋ



ਸਕਦਾ ਹੈ । ਅੰਬ, ਲੀਚੀ, ਪਪੀਤਾ ਆਦਿ ਦੇ ਨਵੇਂ ਬੂਟੇ ਠੰਢ ਲਈ ਸੰਵੇਦਨਸ਼ੀਲ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਘੱਟੋ-ਘੱਟ 3-4 ਸਾਲ ਤੱਕ ਠੰਢ ਤੇ ਕੋਰੇ ਤੋਂ ਸੁਰੱਖਿਅਤ ਰੱਖਣ ਦੀ ਲੋੜ ਪੈਂਦੀ ਹੈ । ਛੋਟੇ ਬੂਟਿਆਂ ਨੂੰ ਬਚਾਉਣ ਲਈ ਸਰਕੰਡਾ ਘਾਹ, ਮੱਕੀ ਜਾਂ ਬਾਜਰੇ ਦੇ ਟਾਂਡੇ, ਪਲਾਸਟਿਕ ਦੀਆਂ ਚਾਦਰਾਂ ਜਾਂ ਸ਼ੈਡਨੈੱਟ ਨਾਲ ਕੁੱਲੀਆ ਬਣਾ ਕੇ ਢਕਣਾ ਸਭ ਤੋਂ ਸੌਖਾ ਤੇ ਸਸਤਾ ਤਰੀਕਾ ਹੈ । ਇਨ੍ਹਾਂ ਦਾ ਦੱਖਣ-ਪੂਰਬ ਦਿਸ਼ਾ ਵੱਲੋਂ ਪਾਸਾ ਖੁੱਲ੍ਹਾ ਰੱਖਣਾ ਚਾਹੀਦਾ ਹੈ ਤਾਂ ਜੋ ਸੂਰਜ ਦੀ ਰੋਸ਼ਨੀ ਅੰਦਰ ਤੱਕ ਪਹੁੰਚ ਸਕੇ । ਇਸ ਤੋਂ ਇਲਾਵਾ ਉੱਤਰੀ ਤੇ ਉੱਤਰ-ਪੱਛਮੀ ਠੰਢੀਆਂ ਹਵਾਵਾਂ ਨੂੰ ਰੋਕਣ ਲਈ ਹਵਾ ਰੋਕੂ ਵਾੜ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ । ਹਲਕੀ ਸਿੰਜਾਈ ਵੀ ਕੋਰੇ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਸਹਾਈ ਹੁੰਦੀ ਹੈ । ਸਰਦੀਆਂ ਦੇ ਮੌਸਮ ਵਿੱਚ ਬਾਗਾਂ ਨੂੰ ਪਾਣੀ ਲਾ ਕੇ ਤਾਪਮਾਨ ਨੂੰ ਦੋ ਤੋਂ ਪੰਜ ਡਿਗਰੀ ਸੈਂਟੀਗ੍ਰੇਡ ਤੱਕ ਵਧਾਇਆ ਜਾ ਸਕਦਾ ਹੈ । ਬਾਗਾਂ ਵਿੱਚ ਸੁੱਕੇ ਪੱਤਿਆਂ, ਘਾਹ ਤੇ ਪਰਾਲੀ ਦੇ ਢੇਰ ਬਣਾ ਕੇ ਰੱਖੋ ਤਾਂ ਜੋ ਸਰਦੀਆਂ ਵਿੱਚ ਕੋਰਾ ਪੈਣ 'ਤੇ ਇਨ੍ਹਾਂ ਢੇਰਾਂ ਨੂੰ ਅੱਗ ਲਾ ਕੇ ਹੌਲੀ-ਹੌਲੀ ਧੂਆਂ ਧੁਖਾਇਆ ਜਾ ਸਕੇ । ਇਸ ਅੱਗ ਤੇ ਧੂੰਏ ਨਾਲ ਤਾਪਮਾਨ ਕੁੱਝ ਡਿਗਰੀ ਤੱਕ ਵੱਧ ਜਾਂਦਾ ਹੈ ਤੇ ਫਲਦਾਰ ਬੂਟਿਆਂ ਨੂੰ ਬਚਾਇਆ ਜਾ ਸਕਦਾ ਹੈ ।

### ਸਿਧਾਈ ਤੇ ਕਾਂਟ-ਛਾਂਟ

ਪੱਤਝੜ ਵਾਲੇ ਬੂਟਿਆਂ ਦੀ ਸਿਧਾਈ ਤੇ ਕਾਂਟ-ਛਾਂਟ ਇੱਕ ਪੁਰਾਣੀ ਤੇ ਮਹੱਤਵਪੂਰਨ ਪ੍ਰਕਿਰਿਆ ਹੈ, ਜਿਸ ਵਿੱਚ ਬੂਟਿਆਂ ਦੇ ਫਾਲਤੂ ਹਿੱਸਿਆਂ ਨੂੰ ਕੱਟ ਕੇ ਉਨ੍ਹਾਂ ਨੂੰ ਢੰਗ ਨਾਲ ਆਕਾਰ ਦਿੱਤਾ ਜਾਂਦਾ ਹੈ । ਇਸ ਦਾ ਮੁੱਖ ਉਦੇਸ਼ ਬੂਟਿਆਂ ਦੇ ਆਕਾਰ ਨੂੰ ਸੁਧਾਰਨ, ਵਾਧੇ ਨੂੰ ਸੰਤੁਲਿਤ ਕਰਨਾ, ਫੁੱਲਾਂ ਤੇ ਫਲਾਂ ਦੀ ਗੁਣਵੱਤਾ ਵਧਾਉਣਾ ਤੇ ਉਤਪਾਦਨ ਨੂੰ ਬਿਹਤਰ ਬਣਾਉਣਾ ਹੈ । ਜੇਕਰ ਫਲਦਾਰ ਬੂਟਿਆਂ ਦੀ ਸਹੀ ਢੰਗ ਨਾਲ ਤੇ ਸਮੇਂ ਸਿਰ ਕਾਂਟ-ਛਾਂਟ ਨਾ ਕੀਤੀ ਜਾਵੇ ਤਾਂ ਉਹ ਚੰਗੀ ਤਰ੍ਹਾਂ ਫਲ ਨਹੀਂ ਦਿੰਦੇ । ਹਰ ਫਲਦਾਰ ਬੂਟੇ ਨੂੰ ਕਾਂਟ-ਛਾਂਟ ਕਰਨ ਦੀ ਲੋੜ ਨਹੀਂ ਹੁੰਦੀ । ਉਦਾਹਰਨ ਲਈ ਅੰਬ, ਲੀਚੀ, ਚੀਕੂ ਆਦਿ ਵਰਗੇ ਸਦਾਬਹਾਰ ਬੂਟੇ ਕੁਦਰਤੀ ਰੂਪ ਵਿੱਚ ਹੀ ਵੱਧਦੇ-ਫਲਦੇ ਹਨ । ਇਨ੍ਹਾਂ ਵਿੱਚ ਸਿਰਫ਼ ਮਰੀਆਂ ਤੇ ਬਿਮਾਰ ਟਹਿਣੀਆਂ ਨੂੰ ਕੱਟਣਾ ਹੀ ਕਾਫ਼ੀ ਹੁੰਦਾ ਹੈ । ਦੂਜੇ ਪਾਸੇ ਸੇਬ, ਨਾਖ, ਆੜੂ, ਅਲੂਚਾ ਆਦਿ ਪੱਤਝੜ ਵਾਲੇ ਬੂਟਿਆਂ ਨੂੰ ਹਰ ਸਾਲ ਸਹੀ ਸਿਧਾਈ ਤੇ ਕਾਂਟ-ਛਾਂਟ ਦੀ ਲੋੜ ਪੈਂਦੀ ਹੈ । ਸਿਧਾਈ ਦੀ ਪ੍ਰਕਿਰਿਆ ਬੂਟਿਆਂ ਨੂੰ ਕੇਵਲ ਸੁੰਦਰ ਆਕਾਰ ਦੇਣ ਤੱਕ ਸੀਮਤ ਨਹੀਂ, ਸਗੋਂ ਇਸ ਨਾਲ ਬੂਟੇ ਦੀ ਕਾਰਗੁਜ਼ਾਰੀ ਤੇ ਉਤਪਾਦਨ ਦੀ ਸਮਰੱਥਾ ਵੀ ਵੱਧਦੀ ਹੈ । ਇਹ ਕੰਮ ਉਦੋਂ ਕੀਤਾ ਜਾਣਾ ਚਾਹੀਦਾ ਹੈ, ਜਦੋਂ ਬੂਟੇ ਆਰਾਮ ਦੀ ਸਥਿਤੀ (ਦਸੰਬਰ ਤੋਂ ਜਨਵਰੀ ਦੇ ਮਹੀਨਿਆਂ ਵਿੱਚ ਜਾਂ ਫੁੱਲ ਆਉਣ ਤੋਂ ਠੀਕ ਪਹਿਲਾਂ) ਵਿਚ ਹੋਣ ।

### ਬੂਟਿਆਂ ਦੇ ਬੇਸਿਨ ਸਾਫ਼ ਕਰਕੇ ਖਾਦ ਪਾਉਣੀ

ਦਸੰਬਰ ਵਿੱਚ ਫਲਦਾਰ ਬੂਟਿਆਂ ਦੇ ਬੇਸਿਨਾਂ ਵਿੱਚੋਂ ਨਦੀਨਾਂ ਨੂੰ ਕੱਢਣਾ ਤੇ ਆਲੇ-ਦੁਆਲੇ ਦੀ ਮਿੱਟੀ ਨੂੰ ਢਿੱਲੀ ਕਰਨਾ ਆਦਿ ਕੰਮ ਪੂਰੇ ਕਰਨੇ ਚਾਹੀਦੇ ਹਨ । ਜ਼ਿਆਦਾਤਰ ਫਲਾਂ ਵਾਲੇ ਬੂਟਿਆਂ ਵਿੱਚ ਖਾਦ ਵੀ ਦਸੰਬਰ ਮਹੀਨੇ ਪਾਈ ਜਾਂਦੀ ਹੈ । ਕਿੰਨੂ, ਨਿੰਬੂ ਜਾਤੀ, ਅਨਾਰ, ਨਾਸ਼ਪਤੀ, ਲੀਚੀ, ਜਾਮਣ, ਆੜੂ, ਸੇਬ, ਅਲੂਚਾ, ਚੀਕੂ ਦੇ ਬੂਟਿਆਂ ਨੂੰ ਸਿਫ਼ਾਰਸ਼ ਅਨੁਸਾਰ ਦੇਸੀ ਰੂੜੀ ਦੀ ਖਾਦ ਦਸੰਬਰ ਵਿੱਚ ਪਾ ਦਿਓ । ਇਸ ਤੋਂ ਇਲਾਵਾ ਨਾਸ਼ਪਤੀ, ਲੀਚੀ, ਆੜੂ, ਸੇਬ, ਅਲੂਚਾ, ਚੀਕੂ ਨੂੰ ਸੁਪਰ ਫਾਸਫੇਟ ਖਾਦ ਤੇ ਮਿਊਰੇਟ ਆਫ਼ ਪੋਟਾਸ਼ ਸਿਫ਼ਾਰਸ਼ ਅਨੁਸਾਰ ਦਸੰਬਰ ਵਿੱਚ ਪਾ ਦੇਣੀ ਚਾਹੀਦੀ ਹੈ । ਖਾਦ ਬੂਟਿਆਂ ਦੇ ਤਨੇ ਤੋਂ ਕੁੱਝ ਦੂਰੀ 'ਤੇ ਬੂਟਿਆਂ ਦੇ ਆਲੇ-ਦੁਆਲੇ ਬੇਸਿਨਾਂ ਵਿੱਚ ਪਾਉਣੀ ਚਾਹੀਦੀ ਹੈ । ਬੂਟਿਆਂ ਦੀ ਵੱਧਦੀ ਉਮਰ ਤੇ ਛਤਰੀ ਦੇ ਨਾਲ ਬੇਸਿਨ ਦਾ ਆਕਾਰ ਵਧਾਇਆ ਜਾਣਾ ਚਾਹੀਦਾ ਹੈ ।

### ਬਾਗਾਂ ਵਿੱਚ ਅੰਤਰ ਫ਼ਸਲਾਂ ਦੀ ਕਾਸ਼ਤ

ਅੰਬ, ਲੀਚੀ, ਨਾਸ਼ਪਤੀ ਤੇ ਚੀਕੂ ਵਰਗੀਆਂ ਕਈ ਫਲਦਾਰ ਫ਼ਸਲਾਂ ਨੂੰ ਵਪਾਰਕ ਪੱਧਰ 'ਤੇ ਫਲ ਲੱਗਣ ਲਈ ਕਈ ਸਾਲ ਲੱਗ ਸਕਦੇ ਹਨ, ਸੋ ਇਸ ਸਮੇਂ ਦੌਰਾਨ ਕਿਸਾਨਾਂ ਨੂੰ ਬਾਗ ਤੋਂ ਕੋਈ ਸਿੱਧੀ ਆਮਦਨ ਪ੍ਰਾਪਤ ਨਹੀਂ ਹੁੰਦੀ । ਇਸ ਲਈ ਅਜਿਹੇ ਨਵੇਂ ਲਾਏ ਬਾਗਾਂ ਵਿੱਚ ਸ਼ੁਰੂਆਤੀ ਸਾਲਾਂ ਦੌਰਾਨ ਬੂਟਿਆਂ ਦੇ ਵਿਚਕਾਰਲੇ ਖਾਲੀ ਸਥਾਨਾਂ 'ਤੇ ਅੰਤਰ-ਫ਼ਸਲਾਂ ਦੀ ਖੇਤੀ ਕਰਨਾ ਆਰਥਿਕ ਦ੍ਰਿਸ਼ਟੀਕੋਣ ਤੋਂ ਬਹੁਤ ਜ਼ਰੂਰੀ ਤੇ ਲਾਭਦਾਇਕ ਸਿੱਧ ਹੁੰਦਾ ਹੈ । ਇਹ ਫ਼ਸਲਾਂ ਨਦੀਨਾਂ ਦੇ ਪ੍ਰਭਾਵਸ਼ਾਲੀ ਨਿਯੰਤਰਨ ਵਿੱਚ ਸਹਾਇਕ ਹੁੰਦੀਆਂ ਹਨ । ਇਸ ਦੇ ਨਾਲ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਕਰਨ ਨਾਲ ਜ਼ਮੀਨ ਦਾ ਰੁੜ੍ਹ ਜਾਣਾ, ਉੱਪਰਲੇ ਪੱਧਰ ਤੋਂ ਖ਼ੁਰਾਕੀ ਤੱਤਾਂ ਦੇ ਥੱਲੇ ਚਲੇ ਜਾਣਾ ਆਦਿ ਦੇ ਨੁਕਸਾਨ ਨੂੰ ਵੀ ਰੋਕਿਆ ਜਾ ਸਕਦਾ ਹੈ । ਜਦੋਂ ਫਲਦਾਰ ਬੂਟਿਆਂ ਨੂੰ ਫਲ ਲੱਗਣਾ ਸ਼ੁਰੂ ਹੋ ਜਾਵੇ, ਉਸ ਤੋਂ ਬਾਅਦ ਅੰਤਰ-ਫ਼ਸਲ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ ।

### ਮੌਸਮ, ਪਾਣੀ ਤੇ ਖ਼ੁਰਾਕੀ ਤੱਤਾਂ ਕਾਰਨ

# ਕਣਕ ਨੂੰ ਪੀਲਾ ਪੈਣ ਤੋਂ ਬਚਾਉਣਾ

ਹਰਵਿੰਦਰ ਸਿੰਘ ਬੁੱਟਰ, ਪ੍ਰਭਜੀਤ ਕੌਰ, ਸੰਜੀਵ ਕੁਮਾਰ ਕਟਾਰੀਆ

**ਕਣਕ ਦੀ ਫ਼ਸਲ ਦਾ ਪੀਲਾ ਪੈਣਾ ਅੱਜਕਲ੍ਹ ਕਿਸਾਨਾਂ ਲਈ ਇੱਕ ਆਮ ਸਮੱਸਿਆ ਬਣ ਗਈ ਹੈ। ਬਹੁਤ ਵਾਰ ਕਿਸਾਨ ਸਹੀ ਕਾਰਨ ਨਾ ਜਾਣਦੇ ਹੋਏ ਇਸ ਨੂੰ ਰੋਗ ਸਮਝ ਕੇ ਤੁਰੰਤ ਦਵਾਈ ਛਿੜਕਣ ਲੱਗ ਜਾਂਦੇ ਹਨ, ਜਿਸ ਨਾਲ ਖ਼ਰਚਾ ਵੀ ਵੱਧਦਾ ਹੈ ਤੇ ਫ਼ਸਲ ਨੂੰ ਨੁਕਸਾਨ ਵੀ ਹੋ ਸਕਦਾ ਹੈ। ਦਰਅਸਲ ਕਣਕ ਦੇ ਪੀਲਾ ਹੋਣ ਦੇ ਕਈ ਕਾਰਨ ਹੁੰਦੇ ਹਨ, ਜਿਵੇਂ ਖਾਦ ਦੀ ਘਾਟ, ਖੇਤ ਵਿੱਚ ਪਾਣੀ ਰੁਕਣਾ ਜਾਂ ਪਾਣੀ ਦੀ ਕਮੀ, ਮਿੱਟੀ ਵਿੱਚ ਜ਼ਰੂਰੀ ਤੱਤਾਂ ਦੀ ਕਮੀ, ਸਿਉਂਕ ਜਾਂ ਹੋਰ ਕੀੜਿਆਂ ਦਾ ਹਮਲਾ ਅਤੇ ਕਈ ਵਾਰ ਪੀਲੀ ਕੁੰਗੀ ਵਰਗੇ ਰੋਗ। ਇਸ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਅਸਲੀ ਕਾਰਨ ਦੀ ਪਛਾਣ ਕੀਤੀ ਜਾਵੇ ਅਤੇ ਫਿਰ ਉਸ ਮੁਤਾਬਕ ਹੀ ਇਲਾਜ ਕੀਤਾ ਜਾਵੇ। ਜੇ ਸਮੇਂ ਸਿਰ ਸਹੀ ਕਦਮ ਚੁੱਕੇ ਜਾਣ ਤਾਂ ਫਜ਼ੂਲ ਦੇ ਖਰਚੇ ਤੋਂ ਬਚਦੇ ਹੋਏ ਵਧੀਆ ਝਾੜ ਹਾਸਲ ਕੀਤਾ ਜਾ ਸਕਦਾ ਹੈ।**

## ਮੌਸਮ ਤੇ ਪਾਣੀ ਨਾਲ ਜੁੜੇ ਕਾਰਨ

**1) ਖ਼ਰਾਬ ਮੌਸਮ :** ਕਣਕ ਦੇ ਬੂਟਿਆਂ ਦਾ ਰੰਗ ਖ਼ਰਾਬ ਮੌਸਮ ਦੇ ਅਸਰ ਨਾਲ ਵੀ ਬਦਲ ਜਾਂਦਾ ਹੈ। ਜਦੋਂ ਸਰਦੀਆਂ ਵਿੱਚ ਤਾਪਮਾਨ ਇੱਕਦਮ ਘੱਟ ਹੋ ਜਾਵੇ ਜਾਂ ਲੰਮਾ ਸਮਾਂ ਕੋਹਰਾ ਟਿਕਿਆ ਰਹੇ ਤਾਂ ਬੂਟਿਆਂ ਦੇ ਪੱਤੇ ਪੀਲੇ ਹੋ ਸਕਦੇ ਹਨ। ਆਮ ਤੌਰ 'ਤੇ ਇਹ ਸਮੱਸਿਆ ਕੁੱਝ ਦਿਨਾਂ ਵਿੱਚ ਆਪਣੇ ਆਪ ਠੀਕ ਹੋ ਜਾਂਦੀ ਹੈ। ਫਿਰ ਵੀ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਖੇਤ ਵਿੱਚ ਨਮੀ ਬਣਾਈ ਰੱਖਣ ਲਈ ਸਮੇਂ 'ਤੇ ਪਾਣੀ ਲਗਾਉਂਦੇ ਰਹਿਣ ਤਾਂ ਜੋ ਬੂਟਿਆਂ ਨੂੰ ਝਟਕਾ ਨਾ ਪਵੇ।

**2) ਵੱਧ ਪਾਣੀ :** ਪਹਿਲੀ ਸਿੰਚਾਈ ਤੋਂ ਬਾਅਦ ਕਈ ਵਾਰ ਖੇਤ ਵਿੱਚ ਪਾਣੀ ਜ਼ਰੂਰਤ ਤੋਂ ਵੱਧ ਰਹਿ ਜਾਂਦਾ ਹੈ ਜਾਂ ਸਿੰਚਾਈ ਤੋਂ ਤੁਰੰਤ ਬਾਅਦ ਹੀ ਮੀਂਹ ਪੈ ਜਾਂਦਾ ਹੈ। ਅਜਿਹੇ ਹਾਲਾਤ ਵਿੱਚ ਪਾਣੀ ਜ਼ਿਆਦਾ ਹੋਣ ਕਰਕੇ ਕਣਕ ਦੀਆਂ ਜੜ੍ਹਾਂ ਹਵਾ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਜਿਸ ਨਾਲ ਜੜ੍ਹਾਂ ਕੰਮ ਨਹੀਂ ਕਰ ਪਾਉਂਦੀਆਂ ਤੇ ਪੱਤੇ ਪੀਲੇ ਹੋ ਕੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਭਾਰੀਆਂ ਜ਼ਮੀਨਾਂ ਵਿੱਚ ਇਹ ਸਮੱਸਿਆ ਵੱਧ ਦੇਖਣ ਨੂੰ ਮਿਲਦੀ ਹੈ। ਜੇ ਖੇਤ ਵਿੱਚ ਕਿਆਰੇ ਬਹੁਤ ਵੱਡੇ ਬਣਾਏ ਜਾਣ ਤਾਂ ਪਾਣੀ ਇੱਕਸਾਰ ਨਹੀਂ ਫੈਲਦਾ, ਜਿਸ ਨਾਲ ਪੀਲਾਪਣ ਹੋਰ ਵੱਧਦਾ ਹੈ। ਇਸ ਸਮੱਸਿਆ ਦੇ ਹੱਲ ਲਈ ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਹਮੇਸ਼ਾਂ ਭਾਰੀਆਂ ਜ਼ਮੀਨਾਂ ਵਿੱਚ 8 ਕਿਆਰੇ ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿੱਚ 16 ਕਿਆਰੇ ਪ੍ਰਤੀ ਏਕੜ ਬਣਾ ਕੇ ਹੀ ਸਿੰਚਾਈ ਕਰਨ। ਪਹਿਲੇ ਪਾਣੀ ਨੂੰ ਬਹੁਤ ਭਰਵਾਂ ਨਹੀਂ ਦੇਣਾ ਚਾਹੀਦਾ ਤੇ ਜੇ ਖੇਤ ਵਿੱਚ ਵੱਧ ਪਾਣੀ ਇਕੱਠਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

**3) ਮਾੜਾ ਜਾਂ ਖਾਰਾ ਪਾਣੀ :** ਕਈ ਇਲਾਕਿਆਂ ਵਿੱਚ ਟਿਊਬਵੈੱਲ ਦਾ ਪਾਣੀ ਖ਼ਾਰਾ ਜਾਂ ਮਾੜਾ ਹੁੰਦਾ ਹੈ ਅਤੇ ਸਿੰਚਾਈ ਦੇ ਯੋਗ ਨਹੀਂ ਹੁੰਦਾ। ਅਜਿਹੇ ਮਾੜੇ ਪਾਣੀ ਦੀ ਵਰਤੋਂ ਨਾਲ ਵੀ ਕਈ ਵਾਰੀ ਕਣਕ ਪੀਲੀ ਪੈ ਜਾਂਦੀ ਹੈ। ਇਸ ਸਮੱਸਿਆ ਤੋਂ ਬਚਣ ਲਈ ਸਭ ਤੋਂ ਪਹਿਲਾਂ ਟਿਊਬਵੈੱਲ ਦਾ ਪਾਣੀ ਟੈਸਟ ਕਰਵਾਉਣਾ ਚਾਹੀਦਾ ਹੈ। ਜੇ ਰਿਪੋਰਟ ਵਿੱਚ ਪਾਣੀ ਖਾਰਾ ਨਿਕਲੇ ਤਾਂ ਸਿਫ਼ਾਰਸ਼ ਅਨੁਸਾਰ ਜਿਪਸਮ ਪਾਉਣੀ ਚਾਹੀਦੀ ਹੈ। ਖਾਰਾ ਪਾਣੀ ਕਈ ਵਾਰ ਚੰਗੇ ਪਾਣੀ ਨਾਲ ਮਿਲਾ ਕੇ ਜਾਂ ਇੱਕ ਵਾਰ ਖਾਰਾ ਤੇ ਇੱਕ ਵਾਰ ਚੰਗਾ ਪਾਣੀ ਲਾ ਕੇ ਵੀ ਵਰਤਿਆ ਜਾ ਸਕਦਾ ਹੈ। ਇਸ ਤਰੀਕੇ ਨਾਲ ਫ਼ਸਲ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

## ਖ਼ੁਰਾਕੀ ਤੱਤਾਂ ਨਾਲ ਜੁੜੇ ਕਾਰਨ

**1) ਨਾਈਟ੍ਰੋਜਨ ਦੀ ਘਾਟ :** ਕਣਕ ਵਿੱਚ ਪੀਲਾਪਣ ਦਾ ਇੱਕ ਆਮ ਕਾਰਨ ਨਾਈਟ੍ਰੋਜਨ ਦੀ ਘਾਟ ਹੈ। ਇਹ ਘਾਟ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ 'ਤੇ ਦਿਖਦੀ ਹੈ, ਜਿੱਥੇ ਹੇਠਲੇ ਪੱਤੇ ਹੌਲੀ-ਹੌਲੀ ਪੀਲੇ ਹੋਣ ਲੱਗਦੇ ਹਨ। ਨਾਈਟ੍ਰੋਜਨ ਦੀ ਘਾਟ ਉਨ੍ਹਾਂ ਖੇਤਾਂ ਵਿੱਚ ਵੱਧ ਹੁੰਦੀ ਹੈ, ਜਿੱਥੇ ਮੀਂਹ ਬਹੁਤ ਪੈਣ ਨਾਲ ਇਹ ਤੱਤ ਮਿੱਟੀ ਵਿੱਚੋਂ ਜੀਰ ਜਾਂਦਾ ਹੈ ਜਾਂ ਫਿਰ ਖਾਦਾਂ ਦਾ ਸਹੀ ਮਾਤਰਾ ਵਿੱਚ ਪ੍ਰਯੋਗ ਨਹੀਂ ਕੀਤਾ ਜਾਂਦਾ। ਜਿੱਥੇ ਫ਼ਸਲੀ ਰਹਿੰਦ-ਖੂੰਹਦ ਬਹੁਤ ਜ਼ਿਆਦਾ ਹੋਵੇ, ਉੱਥੇ ਵੀ ਇਹ ਸਮੱਸਿਆ ਵੱਧ ਪਾਈ ਜਾਂਦੀ ਹੈ। ਨਾਈਟ੍ਰੋਜਨ ਤੱਤ ਦੀ ਘਾਟ ਪੂਰੀ ਕਰਨ ਲਈ ਸਿਫ਼ਾਰਸ਼ ਮੁਤਾਬਿਕ (ਮਿੱਟੀ ਪਰਖ ਦੇ ਆਧਾਰ 'ਤੇ) ਯੂਰੀਆ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ। ਮਾੜੀਆਂ ਤੇ ਕਲਰਾਠੀਆਂ ਜ਼ਮੀਨਾਂ ਵਿੱਚ ਕਿਸਾਨਾਂ ਨੂੰ ਸਿਫ਼ਾਰਸ਼ੀ ਮਾਤਰਾ ਤੋਂ ਲਗਭਗ 25% ਵੱਧ ਨਾਈਟ੍ਰੋਜਨ ਦੇਣੀ ਚਾਹੀਦੀ ਹੈ।

**2) ਜ਼ਿੰਕ ਦਾ ਘਾਟ :** ਜੇ ਮਿੱਟੀ ਵਿੱਚ ਜ਼ਿੰਕ ਘੱਟ ਹੋਵੇ ਤਾਂ ਕਣਕ ਦੇ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਤੇ ਬੂਟੇ ਛੋਟੇ ਤੇ ਕਮਜ਼ੋਰ ਹੋ ਕੇ 'ਭਾਂਤੀ ਵਰਗੇ' ਦਿਖਾਈ ਦੇਣ ਲੱਗਦੇ ਹਨ। ਪੌਦੇ ਦੇ ਵਿਚਕਾਰਲੇ ਪੱਤੇ ਪੀਲੇ ਪੈਣ ਲੱਗਦੇ ਹਨ ਤੇ ਬਾਅਦ ਵਿੱਚ ਉਹ ਹਿੱਸਾ ਸੁੱਕ ਕੇ ਟੁੱਟ ਜਾਂਦਾ ਹੈ। ਇਸ ਘਾਟ ਨੂੰ ਰੋਕਣ ਲਈ ਬਿਜਾਈ ਸਮੇਂ 25 ਕਿਲੋ ਜ਼ਿੰਕ ਸਲਫੇਟ (21%) ਪ੍ਰਤੀ ਏਕੜ ਮਿੱਟੀ ਵਿੱਚ ਮਿਲਾਉਣਾ ਚਾਹੀਦਾ ਹੈ। ਇਹ ਪ੍ਰਭਾਵ 2-3 ਸਾਲ ਲਈ ਰਹਿੰਦਾ ਹੈ। ਜੇ ਜ਼ਿੰਕ ਦੀ ਘਾਟ ਫ਼ਸਲ ਦੇ ਵਾਧੇ ਦੌਰਾਨ ਦਿਖਾਈ ਦੇਵੇ ਤਾਂ 0.5% ਜ਼ਿੰਕ ਸਲਫੇਟ ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਇਸ ਲਈ ਇੱਕ ਏਕੜ ਲਈ ਇੱਕ ਕਿਲੋ ਜ਼ਿੰਕ ਸਲਫੇਟ ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲੀਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੇ ਅੰਤਰ 'ਤੇ 2-3 ਵਾਰੀ ਛਿੜਕਣਾ ਚਾਹੀਦਾ ਹੈ।

**3) ਮੈਂਗਨੀਜ਼ ਦੀ ਘਾਟ :** ਮੈਂਗਨੀਜ਼ ਤੱਤ ਦੀ ਘਾਟ ਕਾਰਨ ਪੀਲਾਪਣ ਆਮ ਤੌਰ 'ਤੇ ਪੌਦੇ ਦੇ ਵਿਚਕਾਰਲੇ ਪੱਤਿਆਂ 'ਤੇ ਦਿਖਦਾ ਹੈ। ਪੱਤੇ ਦੀਆਂ ਨਾੜੀਆਂ ਦਾ ਰੰਗ ਹਰਾ ਵੀ ਰਹਿੰਦਾ ਹੈ ਪਰ ਨਾੜੀਆਂ ਦੇ ਵਿਚਲਾ ਹਿੱਸਾ ਪੀਲਾ ਪੈ ਜਾਂਦਾ ਹੈ। ਕਈ ਵਾਰ ਇਹ ਪੀਲੇ ਹਿੱਸੇ 'ਤੇ ਹਲਕੇ ਸਲੇਟੀ ਜਾਂ ਗੁਲਾਬੀ-ਭੂਰੇ ਧੱਬੇ ਵੀ ਬਣ ਜਾਂਦੇ ਹਨ, ਜੋ ਬਾਅਦ ਵਿੱਚ ਮਿਲ ਕੇ ਧਾਰੀਆਂ ਵਰਗਾ ਰੂਪ ਧਾਰ ਲੈਂਦੇ ਹਨ। ਇਹ ਸਮੱਸਿਆ ਜ਼ਿਆਦਾਤਰ ਹਲਕੀਆਂ ਜ਼ਮੀਨਾਂ ਵਾਲੇ ਖੇਤਾਂ ਵਿੱਚ ਹੁੰਦੀ



ਹੈ ਜਿੱਥੇ ਲੰਮੇ ਸਮੇਂ ਤੋਂ ਕਣਕ ਝੋਨੇ ਦਾ ਫ਼ਸਲੀ ਚੱਕਰ ਚੱਲ ਰਿਹਾ ਹੋਵੇ। ਇਸ ਘਾਟ ਨੂੰ ਪੂਰਾ ਕਰਨ ਲਈ ਧੁੱਪ ਵਾਲੇ ਦਿਨ ਇੱਕ ਕਿਲੋ ਮੈਂਗਨੀਜ਼ ਸਲਫੇਟ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਣਾ ਚਾਹੀਦਾ ਹੈ। ਇਹ ਛਿੜਕਾਅ ਪਹਿਲੀ ਸਿੰਚਾਈ ਤੋਂ 2-4 ਦਿਨ ਬਾਅਦ ਕਰਨਾ ਵਧੀਆ ਹੁੰਦਾ ਹੈ। ਧਿਆਨ ਰੱਖਣਾ ਚਾਹੀਦਾ ਹੈ ਕਿ ਮੈਂਗਨੀਜ਼ ਸਲਫੇਟ ਦਾ ਸਿਰਫ਼ ਛਿੜਕਾਅ ਹੀ ਕਰਨਾ ਚਾਹੀਦਾ ਹੈ।

**4) ਗੰਧਕ ਦੀ ਘਾਟ :** ਰੇਤਲੀ ਜ਼ਮੀਨ ਵਿੱਚ ਅਕਸਰ ਗੰਧਕ ਦੀ ਘਾਟ ਕਾਰਨ ਕਣਕ ਦੇ ਬੂਟੇ ਪੀਲੇ ਪੈ ਜਾਂਦੇ ਹਨ। ਇਸ ਘਾਟ ਨਾਲ ਨਵੇਂ ਪੱਤਿਆਂ ਦਾ ਰੰਗ ਨੋਕ ਨੂੰ ਛੱਡ ਕੇ ਪੀਲਾ ਪੈ ਜਾਂਦਾ ਹੈ, ਜਦਕਿ ਪੁਰਾਣੇ ਪੱਤੇ ਹਰੇ ਹੀ ਰਹਿੰਦੇ ਹਨ। ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ, ਬੂਟੇ ਛੋਟੇ ਰਹਿੰਦੇ ਹਨ ਅਤੇ ਫ਼ਸਲ ਪੂਰਾ ਜਾੜ ਨਹੀਂ ਮਾਰਦੀ। ਜੇਕਰ ਫ਼ਸਲ ਦੇ ਮੁਢਲੇ ਵਾਧੇ ਦੌਰਾਨ ਲੰਮੇ ਸਮੇਂ ਤੱਕ ਬੱਦਲਵਾਈ ਜਾਂ ਮੀਂਹ ਪੈਂਦਾ ਰਹੇ ਤਾਂ ਇਹ ਸਮੱਸਿਆ ਹੋਰ ਵੀ ਵੱਧ ਜਾਂਦੀ ਹੈ। ਇਸ ਘਾਟ ਨੂੰ ਦੂਰ ਕਰਨ ਲਈ 100 ਕਿਲੋ ਜਿਪਸਮ ਜਾਂ 16 ਕਿਲੋ ਬੈਂਟੋਨਾਈਟ ਸਲਫਰ (90%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੇ ਬਿਜਾਈ ਸਮੇਂ ਫਾਸਫੋਰਸ ਸਿੰਗਲ ਸੁਪਰ ਫਾਸਫੇਟ ਦੇ ਰੂਪ ਵਿੱਚ ਨਾ ਪਾਈ ਗਈ ਹੋਵੇ ਤਾਂ ਜਿਪਸਮ ਬਿਜਾਈ ਵੇਲੇ ਹੀ ਪਾ ਦੇਣੀ ਚਾਹੀਦੀ ਹੈ। ਖਿਆਲ ਰੱਖਣਾ ਚਾਹੀਦਾ ਹੈ ਕਿ ਜਿਪਸਮ ਹਮੇਸ਼ਾਂ ਤ੍ਰੇਲ ਉਤਰਨ ਤੋਂ ਬਾਅਦ ਹੀ ਪਾਓ ਕਿਉਂਕਿ ਪੱਤਿਆਂ ਤੇ ਤ੍ਰੇਲ ਹੋਵੇ ਤਾਂ ਜਿਪਸਮ ਦੇ ਕਣ ਪੱਤਿਆਂ ਨਾਲ ਚਿਪਕ ਕੇ ਉਨ੍ਹਾਂ ਨੂੰ ਸਾੜ ਸਕਦੇ ਹਨ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 51
ਮਿਤੀ 20-12-2025



ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ
- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Drishti Printers**, 484, Nagra Street, Natan Wali Gali,Backside Dashmesh Market, Near Sher-e-Punjab Market, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). E-mail : khetiduniyan1983@gmail.com Phone No. 0175-2214575, RNI No.**PUNPUN00806**


# ਕਰਜ਼ੇ ਦੇ ਮੱਕੜਜਾਲ ਵਿੱਚ ਫਸੀ ਕਿਸਾਨੀ ਨੂੰ ਰਾਹਤ ਕਿਵੇਂ ਮਿਲੇ?

ਬੀਤੇ ਦਿਨੀਂ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪੰਜਾਬ ਦੇ ਦੌਰੇ 'ਤੇ ਆਏ ਤਾਂ ਉਨ੍ਹਾਂ ਪੰਜਾਬ ਦੇ ਕਿਸਾਨਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਪੂਰੇ ਦੇਸ਼ ਦੀਆਂ ਚਿੰਤਾਵਾਂ ਦੂਰ ਕਰ ਦਿੱਤੀਆਂ ਹਨ। ਹੁਣ ਖੇਤੀ ਮੰਤਰੀ ਨੂੰ ਪੁੱਛਣਾ ਬਣਦਾ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਤਾਂ ਦੇਸ਼ ਦੀਆਂ ਚਿੰਤਾਵਾਂ ਦੂਰ ਕਰ ਦਿੱਤੀਆਂ, ਪਰ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਕੋਈ ਠੋਸ ਕਦਮ ਚੁੱਕ ਰਹੀ ਹੈ ਜਾਂ ਨਹੀਂ ? ਭਾਰਤ ਦੇ ਕਿਸਾਨ ਚਿੰਤਾਵਾਂ ਵਿੱਚ ਡੁੱਬੇ ਹੋਏ ਹਨ, ਪਰ ਕੇਂਦਰ ਤੇ ਰਾਜ ਸਰਕਾਰਾਂ ਦੇ ਮੰਤਰੀ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਦਿਆਂ ਕਿਸਾਨ ਵਿਰੋਧੀ ਨੀਤੀਆਂ ਲਿਆਉਣ ਲਈ ਕਾਹਲੇ ਪਏ ਹਨ।



**ਡਾਕਟਰ ਦਰਸ਼ਨ ਪਾਲ**
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ (ਮੋ. 94172-69294)

ਕਿਸਾਨਾਂ ਦੀ ਸਭ ਤੋਂ ਵੱਡੀ ਚਿੰਤਾ ਉਨ੍ਹਾਂ ਸਿਰ ਚੜ੍ਹਿਆ ਕਰਜ਼ਾ ਹੈ, ਜੋ ਘਟਣ ਦੀ ਬਜਾਏ ਲਗਾਤਾਰ ਵੱਧ ਰਿਹਾ ਹੈ। ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ 31 ਮਾਰਚ 2024 ਤੱਕ ਭਾਰਤ ਦੀ ਕਿਸਾਨੀ ਸਿਰ ਕੁੱਲ ਸੰਸਥਾਗਤ ਕਰਜ਼ਾ 33,52,646 ਕਰੋੜ ਰੁਪਏ ਹੈ ਜਿਸ ਵਿੱਚ ਸਭ ਤੋਂ ਵੱਧ ਮਹਾਰਾਸ਼ਟਰ ਦਾ 8,38,249 ਕਰੋੜ ਰੁਪਏ, ਤਾਮਿਲਨਾਡੂ 3,84,139 ਕਰੋੜ, ਆਂਧਰਾ ਪ੍ਰਦੇਸ਼ 3,09,809 ਕਰੋੜ, ਉੱਤਰ ਪ੍ਰਦੇਸ਼ 2,29,887 ਕਰੋੜ ਰੁਪਏ, ਰਾਜਸਥਾਨ 1,74,798 ਕਰੋੜ, ਪੰਜਾਬ 1,04,064 ਕਰੋੜ ਤੇ ਹਰਿਆਣਾ ਦਾ 96,855 ਕਰੋੜ ਰੁਪਏ ਦੀ ਖੇਤੀ ਕਰਜ਼ਾ ਹੈ। ਕਿਸਾਨਾਂ ਦੇ ਪ੍ਰਤੀ ਖਾਤਾ ਕਰਜ਼ਾ ਦੇਖਣ ਤੋਂ ਪਤਾ ਲੱਗਦਾ ਹੈ ਕਿ




ਮਹਾਰਾਸ਼ਟਰ ਦਾ 5.73 ਲੱਖ, ਪੰਜਾਬ ਦਾ ਪ੍ਰਤੀ ਖਾਤਾ ਕਰਜ਼ਾ 2.71 ਲੱਖ ਰੁਪਏ, ਹਰਿਆਣੇ ਦਾ 2.40 ਲੱਖ, ਤਾਮਿਲਨਾਡੂ ਦਾ 1.33 ਲੱਖ, ਰਾਜਸਥਾਨ ਦਾ 1.66 ਲੱਖ, ਉੱਤਰ ਪ੍ਰਦੇਸ਼ ਦਾ 1.22 ਲੱਖ ਰੁਪਏ ਹੈ। ਇਸ ਰਿਪੋਰਟ ਤੋਂ ਸਪੱਸ਼ਟ ਹੈ ਕਿ ਖੇਤੀ ਕਰਜ਼ੇ ਦੇ ਸੰਕਟ ਨਾਲ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਪੂਰੇ ਦੇਸ਼ ਦਾ ਕਿਸਾਨ ਜੱਦੋ-ਜਹਿਦ ਕਰ ਰਿਹਾ ਹੈ। ਨਾਬਾਰਡ ਦੀ ਇੱਕ ਹੋਰ ਰਿਪੋਰਟ ਮੁਤਾਬਕ 30 ਜੂਨ 2023 ਤੱਕ ਭਾਰਤ ਦੇ ਕਿਸਾਨਾਂ ਸਿਰ 21,00,573 ਕਰੋੜ ਰੁਪਏ ਕਰਜ਼ਾ ਸੀ, ਜੋ ਇੱਕ ਸਾਲ ਤੋਂ ਵੀ ਘੱਟ ਸਮੇਂ ਦੌਰਾਨ 21 ਲੱਖ ਕਰੋੜ ਤੋਂ ਵੱਧ ਕੇ 33 ਲੱਖ ਕਰੋੜ ਰੁਪਏ ਨੂੰ ਟੱਪ ਗਿਆ। ਪੰਜਾਬ ਦੇ ਕਿਸਾਨਾਂ ਸਿਰ 2023 ਵਿੱਚ 73,673 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2024 ਵਿੱਚ ਵੱਧ ਕੇ 1 ਲੱਖ ਕਰੋੜ ਰੁਪਏ ਤੋਂ ਟੱਪ ਗਿਆ ਹੈ। ਇਹ ਤਾਂ ਸਿਰਫ਼ ਸੰਸਥਾਗਤ ਕਰਜ਼ਾ ਹੈ, ਜੋ ਵਪਾਰਕ, ਸਹਿਕਾਰੀ ਤੇ ਖੇਤਰੀ ਪੇਂਡੂ ਬੈਂਕਾਂ ਤੋਂ ਲਿਆ ਗਿਆ ਹੈ, ਜਿਸ ਵਿੱਚ ਗੈਰ-ਸੰਸਥਾਗਤ ਸਰੋਤਾਂ- ਆੜਤੀਆਂ, ਸ਼ਾਹੂਕਾਰਾਂ ਤੇ ਹੋਰਾਂ ਤੋਂ ਲਿਆ ਕਰਜ਼ਾ ਸ਼ਾਮਿਲ ਨਹੀਂ ਹੈ। ਭਾਵੇਂ ਗੈਰ-ਸੰਸਥਾਗਤ ਕਰਜ਼ੇ ਬਾਰੇ ਪੱਕੇ ਅੰਕੜੇ ਪ੍ਰਾਪਤ ਨਹੀਂ, ਪਰ ਨੈਸ਼ਨਲ ਸੈਂਪਲ ਸਰਵੇ ਆਫ਼ਿਸ (ਐਨ. ਐੱਸ. ਐੱਸ. ਓ.) ਦੀ ਇੱਕ ਰਿਪੋਰਟ ਮੁਤਾਬਕ ਪੰਜਾਬ ਵਿੱਚ ਗੈਰ-ਸੰਸਥਾਗਤ ਕਰਜ਼ੇ ਦਾ ਅਨੁਪਾਤ ਲਗਪਗ 21.3 ਫ਼ੀਸਦੀ ਹੈ, ਭਾਵ ਕੁੱਲ ਕਰਜ਼ੇ ਦੇ ਪੰਜਵੇਂ ਤੋਂ ਜ਼ਿਆਦਾ ਹਿੱਸਾ ਗੈਰ-ਸੰਸਥਾਗਤ ਸਰੋਤਾਂ ਤੋਂ ਲਿਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਦੀ ਕਿਸਾਨੀ ਦਾ ਕੁੱਲ ਕਰਜ਼ਾ ਸਵਾ ਲੱਖ ਕਰੋੜ ਤੋਂ ਵੀ ਵੱਧ ਜਾਂਦਾ ਹੈ। ਬਿਨਾਂ ਸ਼ੱਕ ਪੰਜਾਬ ਸਮੇਤ ਦੇਸ਼ ਦੀ ਕਿਸਾਨੀ ਡੂੰਘੇ ਸੰਕਟ ਵਿੱਚ ਹੈ, ਜਿਸ ਦਾ ਫੌਰੀ ਹੱਲ ਬਹੁਤ ਜ਼ਰੂਰੀ ਹੈ ਤਾਂ ਜੋ ਅੰਨਦਾਤੇ ਨੂੰ ਖੁਦਕਸ਼ੀਆਂ ਤੋਂ ਛੁਟਕਾਰਾ ਦਿਵਾਇਆ ਜਾ ਸਕੇ।

ਆਖ਼ਰ ਕਿਸਾਨਾਂ 'ਤੇ ਚੜ੍ਹ ਰਹੇ ਕਰਜ਼ੇ ਦੇ ਕੀ ਕਾਰਨ ਹਨ ? ਸਭ ਤੋਂ ਵੱਡਾ ਕਾਰਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣਾ ਹੈ, ਇਸੇ ਲਈ ਸੰਯੁਕਤ ਕਿਸਾਨ ਮੋਰਚਾ ਸਰਕਾਰ ਤੋਂ ਫ਼ਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ. ਐੱਸ. ਪੀ.) 'ਤੇ ਖਰੀਦਣ ਦੀ ਕਾਨੂੰਨੀ ਗਰੰਟੀ ਦੇਣ ਦੀ ਮੰਗ ਕਰਦਾ ਹੈ। ਇਹ ਐਮ. ਐੱਸ. ਪੀ. ਸਵਾਮੀਨਾਥਨ ਕਮਿਸ਼ਨ ਦੀ ਸੀ2+50 ਫ਼ੀਸਦੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਿਲਣੀ ਚਾਹੀਦੀ ਹੈ, ਕਿਉਂਕਿ ਸਰਕਾਰ ਦੇ ਮੌਜੂਦਾ ਐਮ. ਐੱਸ. ਪੀ. ਦੇਣ ਦੇ ਤਰੀਕੇ ਵਿੱਚ ਸਾਰੇ ਖ਼ਰਚੇ ਸ਼ਾਮਿਲ ਨਹੀਂ ਹੁੰਦੇ, ਜਿਸ ਨੂੰ ਸੀ2 ਲਾਗਤ ਨੂੰ ਅਪਣਾ ਕੇ ਦਰੁਸਤ ਕੀਤਾ ਜਾ ਸਕਦਾ ਹੈ। ਐਮ.ਐੱਸ.ਪੀ. 'ਤੇ ਫ਼ਸਲਾਂ ਨੂੰ ਖਰੀਦਣ ਦੀ ਕਾਨੂੰਨੀ ਗਰੰਟੀ ਦਾ ਮਤਲਬ ਹੈ ਕਿ ਸਰਕਾਰ ਇਹ ਯਕੀਨੀ ਬਣਾਏ ਕਿ ਜਿੰਨੀ ਵੀ ਫ਼ਸਲ ਮੰਡੀ ਵਿੱਚ ਆਉਂਦੀ ਹੈ, ਉਸ ਨੂੰ ਐਮ. ਐੱਸ. ਪੀ. 'ਤੇ ਹੀ ਖਰੀਦਿਆ ਜਾਵੇਗਾ। ਮਾਹਿਰਾਂ ਅਨੁਸਾਰ ਜਿੰਨਾ ਕੁ ਘਾਟਾ ਸੀ2+50 ਫ਼ੀਸਦੀ 'ਤੇ ਐਮ. ਐੱਸ. ਪੀ. ਨਾ ਮਿਲਣ ਕਰਕੇ ਹੋਇਆ ਹੈ, ਪੰਜਾਬ ਦੀ ਕਿਸਾਨੀ ਸਿਰ ਓਨਾ ਕੁ ਹੀ ਕਰਜ਼ਾ ਹੈ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਤੇ ਐਮ. ਐੱਸ. ਪੀ. ਦੀ ਕਾਨੂੰਨੀ ਗਰੰਟੀ, ਕਿਸਾਨਾਂ ਦੀ ਆਮਦਨ ਵਿੱਚ ਵਾਧੇ ਨਾਲ ਫ਼ਸਲੀ ਵਿਭਿੰਨਤਾ ਅਤੇ ਕਰਜ਼ੇ ਦੇ ਹੱਲ ਵੱਲ ਇੱਕ ਵੱਡਾ ਤੇ ਮਹੱਤਵਪੂਰਨ ਕਦਮ ਹੋਵੇਗਾ। ਕਿਸਾਨੀ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕਰਨ ਲਈ ਇੱਕ ਸਕੀਮ ਬਣਾਉਣੀ ਚਾਹੀਦੀ ਹੈ।

ਦਰਅਸਲ ਕਰਜ਼ੇ ਵੱਧਣ ਦਾ ਇੱਕ ਵੱਡਾ ਕਾਰਨ ਖੇਤੀ ਲਾਗਤਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਹੈ। ਸਰਕਾਰ ਨੇ ਖੇਤੀ ਉਪਕਰਨ/ਸੰਦ ਬਣਾਉਣ ਵਾਲੇ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਦਿੱਤਾ ਹੈ, ਜਿਸ ਕਾਰਨ ਖੇਤੀ ਲਾਗਤਾਂ ਤਾਂ ਤੇਜ਼ੀ ਨਾਲ ਵਧੀਆਂ ਪਰ ਕਿਸਾਨਾਂ ਦੀ ਆਮਦਨ ਵਿੱਚ ਨਿਗੂਣਾ ਜਿਹਾ ਵਾਧਾ ਹੋ ਰਿਹਾ ਹੈ। ਇਸੇ ਲਈ ਕਿਸਾਨਾਂ ਨੂੰ ਹਰ ਅਗਲੀ ਫ਼ਸਲ ਬੀਜਣ ਤੇ ਉਸ ਦੀ ਸਾਂਭ-ਸੰਭਾਲ ਲਈ ਕਰਜ਼ਾ ਲੈਣਾ ਪੈਂਦਾ ਹੈ। ਇਸ ਦੇ ਨਾਲ ਹੀ ਹਰੇ ਇਨਕਲਾਬ ਮਾਡਲ ਨੇ ਪੰਜਾਬ ਦੀ ਖੇਤੀ ਨੂੰ ਹੱਥੀ ਕਿਰਤ ਵਾਲੀ ਖੇਤੀ ਤੋਂ ਤੋੜ ਕੇ ਮਸ਼ੀਨੀ ਖੇਤੀ ਵਿੱਚ ਬਦਲ ਦਿੱਤਾ, ਜਿਸ ਨਾਲ ਇੱਕ ਪਾਸੇ ਖੇਤੀ ਵਿੱਚ ਰੁਜ਼ਗਾਰ ਘਟਿਆ ਅਤੇ ਦੂਜੇ ਪਾਸੇ ਮਸ਼ੀਨੀਕਰਨ ਦੀਆਂ ਜ਼ਰੂਰਤਾਂ ਲਈ ਕਿਸਾਨੀ ਨੂੰ ਭਾਰੀ ਖ਼ਰਚ ਕਰਨਾ ਪੈ ਰਿਹਾ, ਜਿਸ ਕਰਕੇ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਵਧਿਆ ਹੈ। ਇਸ ਲਈ ਕਿਸਾਨਾਂ ਨੂੰ ਮਿਆਰੀ ਤੇ ਸਸਤੇ ਖੇਤੀ ਸੰਦ ਮਿਲਣੇ ਚਾਹੀਦੇ ਹਨ। ਖੇਤੀ ਸਿਰਫ਼ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਹੀ ਨਹੀਂ, ਬਲਕਿ ਦੇਸ਼ ਦੀ ਭੋਜਨ ਸਮੱਸਿਆ ਨੂੰ ਵੀ ਯਕੀਨੀ ਬਣਾਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਨਿੱਜੀ ਖੇਤਰ/ਕਾਰੋਬਾਰੀ ਘਰਾਣਿਆਂ ਨੂੰ ਖੇਤੀ ਵਿੱਚੋਂ ਲਾਂਭੇ ਕੀਤਾ ਜਾਵੇ। ਸ਼ਾਹੂਕਾਰਾਂ ਤੇ ਹੋਰ ਨਿੱਜੀ ਰਿਣਦਾਤਿਆਂ ਦੁਆਰਾ ਉੱਚ ਵਿਆਜ ਦਰ ਰਾਹੀਂ ਕੀਤੀ ਜਾਂਦੀ ਲੁੱਟ ਵੀ ਕਿਸਾਨੀ ਕਰਜ਼ੇ ਦਾ ਵੱਡਾ ਕਾਰਨ ਹੈ।

ਜ਼ਮੀਨੀ ਸੱਚਾਈ ਤੋਂ ਪਰ੍ਹੇ ਦੇ ਬਿਆਨ ਦੇਣ ਦੀ ਬਜਾਏ ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ, ਕਿਸਾਨੀ ਦੀ ਦਸ਼ਾ, ਦੇਸ਼ ਦੇ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਤੇ ਕਿਸਾਨਾਂ ਦੇ ਰੋਹ ਨੂੰ ਸਮਝਦਿਆਂ ਕਿਸਾਨਾਂ/ਮਜ਼ਦੂਰਾਂ



ਨੂੰ ਕਰਜ਼ੇ ਦੇ ਭਾਰ ਤੋਂ ਮੁਕਤ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਕਿਸਾਨ ਤੇ ਲੋਕ ਪੱਖੀ ਨੀਤੀਆਂ ਬਣਾਉਂਦਿਆਂ ਫ਼ਸਲਾਂ 'ਤੇ ਐਮ. ਐੱਸ. ਪੀ. ਦੇ ਕੇ ਕਿਸਾਨਾਂ ਨੂੰ ਕਰਜ਼ ਜਾਲ ਵਿੱਚੋਂ ਕੱਢਣਾ ਚਾਹੀਦਾ ਹੈ, ਤਾਂ ਜੋ ਖੇਤੀ ਤੇ ਦੇਸ਼ ਦੀ ਖੁਸ਼ਹਾਲੀ ਵੱਲ ਵਧਿਆ ਜਾ ਸਕੇ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਕਿਸਾਨ ਕਮਿਸ਼ਨ ਵੱਲੋਂ ਤਿਆਰ ਕੀਤੀ ਪੰਜਾਬ ਦੀ ਨਵੀਂ ਖੇਤੀ ਨੀਤੀ ਲਾਗੂ ਕਰਨੀ ਚਾਹੀਦੀ ਹੈ, ਜਿਸ ਤਹਿਤ ਫ਼ਸਲ ਬੀਮਾ, ਮਜ਼ਦੂਰਾਂ ਦਾ ਰੁਜ਼ਗਾਰ ਵਧਾਉਣ, ਖੁਦਕੁਸ਼ੀ ਦਾ ਮੁਆਵਜ਼ਾ, ਕਿਸਾਨਾਂ ਨੂੰ ਪੈਨਸ਼ਨ ਦੇਣ ਦੇ ਨਾਲ-ਨਾਲ ਖੇਤੀ ਨੂੰ ਸਹਿਕਾਰਤਾ ਮਾਡਲ ਦੇ ਤਹਿਤ ਵਿਕਸਿਤ ਕਰਨ ਦਾ ਅਮਲ ਸ਼ੁਰੂ ਕੀਤਾ ਜਾ ਸਕੇ।

ਪਰਮਜੀਤ ਸਿੰਘ ਡਡਵਿੰਡੀ
ਮੋਬਾਇਲ : 98154-57630

# ਕਿਵੇਂ ਵਧਾਈਏ ਆਲੂਆਂ ਦੀ ਪੈਦਾਵਾਰ

**ਪੰਜਾਬ ਦੀ ਮਿੱਟੀ ਦਾ ਸੁਭਾਅ ਅਤੇ ਮੌਸਮ ਆਲੂ ਦੀ ਫ਼ਸਲ ਲਈ ਸੁਹਾਵਣਾ ਮੰਨਿਆ ਜਾਂਦਾ ਹੈ ਪਰ ਵੱਧ ਰਹੀਆਂ ਬਿਮਾਰੀਆਂ ਨੇ ਕਿਸਾਨਾਂ ਲਈ ਚੁਣੌਤੀਆਂ ਭਰੇ ਹਾਲਾਤ ਪੈਦਾ ਕਰ ਦਿੱਤੇ ਹਨ...**



ਖੇਤੀਬਾੜੀ ਵਿੱਚ ਵਧੇਰੇ ਮੁਨਾਫ਼ਾ ਕਮਾਉਣ ਲਈ ਰਵਾਇਤੀ ਫ਼ਸਲਾਂ ਤੋਂ ਇਲਾਵਾ ਸਹਾਇਕ ਫ਼ਸਲਾਂ ਦੀ ਬਿਜਾਈ ਕਰਨੀ ਸਮੇਂ ਦੀ ਲੋੜ ਹੈ। ਆਲੂ ਇੱਕ ਅਜਿਹੀ ਫ਼ਸਲ ਹੈ ਜਿਸ ਦਾ ਇਸਤੇਮਾਲ ਹੁਣ ਘਰ ਵਿੱਚ ਤਿਆਰ ਹੋਣ ਵਾਲੀ ਸਬਜ਼ੀ ਵਿੱਚ ਆਮ ਹੁੰਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਆਲੂਆਂ ਦੀ ਖੇਤੀ ਲੰਬੇ ਸਮੇਂ ਤੋਂ ਕਿਸਾਨਾਂ ਦੀ ਆਮਦਨ ਦਾ ਮਹੱਤਵਪੂਰਨ ਸਰੋਤ ਰਹੀ ਹੈ। ਇਸ ਖੇਤਰ ਦੀ ਮਿੱਟੀ ਦਾ ਸੁਭਾਅ ਅਤੇ ਮੌਸਮ ਆਲੂ ਦੀਆਂ ਵੱਖ-ਵੱਖ ਕਿਸਮਾਂ ਲਈ ਸੁਹਾਵਣਾ ਮੰਨਿਆ ਜਾਂਦਾ ਹੈ ਪਰ ਇਸ ਨਾਲ ਬਦਲਦੇ ਮੌਸਮੀ ਹਾਲਾਤ ਅਤੇ ਵੱਧ ਰਹੀਆਂ ਬਿਮਾਰੀਆਂ ਨੇ ਕਿਸਾਨਾਂ ਲਈ ਨਵੇਂ-ਨਵੇਂ ਚੁਣੌਤੀ ਭਰੇ ਹਾਲਾਤ ਵੀ ਬਣਾਏ ਹਨ।

## ਫ਼ਸਲ ਨੂੰ ਲੱਗਣ ਵਾਲੀਆਂ ਬਿਮਾਰੀਆਂ

ਆਲੂਆਂ ਦੀ ਫ਼ਸਲ ਦੀ ਚੰਗੀ ਪੈਦਾਵਾਰ ਹਾਸਲ ਕਰਨ ਲਈ ਕਿਸਾਨਾਂ ਨੂੰ ਹੇਠ ਲਿਖੀਆਂ ਬਿਮਾਰੀਆਂ ਤੋਂ ਚੰਗੀ ਤਰ੍ਹਾਂ ਬਚਾਅ ਕਰਨਾ ਬਹੁਤ ਜ਼ਰੂਰੀ ਹੈ।

**ਲੇਟ ਬਲਾਈਟ** : ਸਭ ਤੋਂ ਖ਼ਤਰਨਾਕ ਬਿਮਾਰੀ ਮੌਸਮ ਖ਼ਾਸਕਰ ਜਦੋਂ ਨਮੀ ਅਤੇ ਠੰਢ ਵਧੇ, ਪੱਤਿਆਂ 'ਤੇ ਕਾਲੇ ਜਾਂ ਗੂੜ੍ਹੇ ਭੂਰੇ ਦਾਗ, ਕੁੱਝ ਦਿਨਾਂ ਵਿੱਚ ਪੂਰੀ ਫ਼ਸਲ ਨਸ਼ਟ ਕਰਨ ਦੀ ਸਮਰੱਥਾ, ਇਹ ਪੰਜਾਬ ਵਿੱਚ ਨਦੀ-ਨਾਲਿਆਂ ਦੇ ਨੇੜੇ ਵਾਲੇ ਖੇਤਾਂ ਵਿੱਚ ਵਧੇਰੇ ਫੈਲਦੀ ਹੈ।

**ਅਰਲੀ ਬਲਾਈਟ** : ਛੱਲਿਆਂ ਵਰਗੇ ਗੋਲ ਦਾਗ, ਪੌਦਾ ਪੀਲਾ ਹੋਣਾ ਅਤੇ ਸੁੱਕਣਾ ਸ਼ੁਰੂ, ਗਰਮ-ਨਮੀ ਵਾਲੇ ਹਾਲਾਤ ਵਿੱਚ ਤੇਜ਼ੀ ਨਾਲ ਫੈਲਦੀ ਹੈ।

**ਬਲੈਕ ਸੱਕਰੱਫ/ਰੀਜ਼ੋਓਕਟੋਨੀਆ** : ਗੁੱਟਿਆਂ ਦੇ ਛਿਲਕੇ 'ਤੇ ਕਾਲੇ ਦਾਣੇ, ਪੌਦਾ ਢੰਗ ਨਾਲ ਨਹੀਂ ਵੱਧਦਾ ਹੈ, ਇਹ ਮਿੱਟੀ ਵਿੱਚ ਆਮ ਤੌਰ 'ਤੇ ਮੌਜੂਦ ਫ਼ੰਗਸ ਕਾਰਨ ਹੁੰਦੀ ਹੈ।

**ਕੋਮੋਨ ਸੱਕਰੈਬ (ਸਟ੍ਰਾਈਟ)** : ਗੁੱਟਿਆਂ 'ਤੇ ਰੁੱਖੜੇ ਛਾਲੇ, ਇਸ ਨਾਲ ਗੁਣਵੱਤਾ ਅਤੇ ਬਾਜ਼ਾਰੀ ਰੇਟ ਲਗਾਤਰ ਘਟਦਾ ਹੈ।

**ਰੂਟ ਰੋਟ ਐਂਡ ਵਿਲਟ** : ਇਸ ਨਾਲ ਜੜ੍ਹਾਂ ਸੜ ਜਾਂਦੀਆਂ ਹਨ, ਪੌਦੇ ਝੁੱਕ ਜਾਣ ਨਾਲ, ਇਹ ਬਿਮਾਰੀ ਫ਼ਸਲ ਨੂੰ ਬਹੁਤ ਹੀ ਜ਼ਿਆਦਾ ਪਾਣੀ ਦੇਣ ਨਾਲ ਵੱਧਦੀ ਹੈ।

**ਬੈਕਟੀਰੀਅਲ ਬਲਾਈਟ** : ਇਹ ਬਿਮਾਰੀ ਜ਼ਿਆਦਾ ਧੁੰਦ ਪੈਣ ਵਾਲੇ ਦਿਨਾਂ ਵਿੱਚ ਹੁੰਦੀ ਹੈ।

**ਬਚਾਅ** : ਆਲੂ ਦੀ ਫ਼ਸਲ 'ਤੇ ਜੇ ਕੋਈ ਵੀ ਬਿਮਾਰੀ ਜਾਂ ਰੋਗ ਨਜ਼ਰ ਆਵੇ ਤਾਂ ਖੇਤੀ ਮਾਹਿਰਾਂ ਦੀ ਸਲਾਹ ਨਾਲ ਫ਼ਸਲ 'ਤੇ ਸਪਰੇਅ ਲਾਜ਼ਮੀ ਤੌਰ 'ਤੇ ਕਰਨੀ ਚਾਹੀਦੀ ਹੈ।

**ਲੇਟ ਬਲਾਈਟ ਤੋਂ ਬਚਾਅ ਲਈ ਦਵਾਈ** : ਰੁਡੋਮੀ ਗੋਲਡ (ਮੈਟਾਲੈਕਸੀਲ + ਮੈਨਕੋਜ਼ੇਬ), ਮੇਲੋਡੀ ਡੂਓ, ਐਕਰੋਬੈਟ/ਐਕਰੇਸਿਲ, ਕਲੋਰੋਥਲੋਨਿਲ 75% ਡਬਲਯੂਪੀ।

### ਬਿਜਾਈ ਦੇ ਦੋ ਮੁੱਖ ਸਮੇਂ

ਪੰਜਾਬ ਦੇ ਮਿੱਟੀ ਅਤੇ ਹਵਾ ਦਾ ਅਧਾਰ ਲੈ ਕੇ ਇਸ ਦੀ ਬਿਜਾਈ ਦੇ ਦੋ ਮੁੱਖ ਸਮੇਂ ਹੁੰਦੇ ਹਨ। ਮੁੱਖ ਬਿਜਾਈ (ਸਰਦੀ ਸੀਜ਼ਨ) ਸਤੰਬਰ ਦੇ ਅੰਤ ਤੋਂ ਅਕਤੂਬਰ ਦੇ ਅੰਤ ਤੱਕ ਹੁੰਦੀ ਹੈ। ਇਸ ਸਮੇਂ ਦੌਰਾਨ ਮਿੱਟੀ ਵਿੱਚ ਨਮੀਂ ਸੰਤੁਲਿਤ ਹੁੰਦੀ ਹੈ। ਤਾਪਮਾਨ 20-25 ਡਿਗਰੀ ਸੈਲਸੀਅਸ ਆਲੂ ਦੀ ਅੰਕੁਰਣ ਲਈ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਇਸ ਸੀਜ਼ਨ ਵਿੱਚ ਸਭ ਤੋਂ ਵਧੀਆ ਪੈਦਾਵਾਰ ਮਿਲਦੀ ਹੈ। ਆਲੂਆਂ ਦੀ ਦੂਸਰੀ ਬਿਜਾਈ ਜਨਵਰੀ-ਮਾਰਚ ਵਿੱਚ ਹੁੰਦੀ ਹੈ। ਕੁੱਝ ਕਿਸਾਨ ਗਰਮੀ ਦੇ ਆਲੂ ਲਈ ਜਨਵਰੀ ਮਹੀਨੇ ਵਿੱਚ ਵੀ ਬਿਜਾਈ ਕਰਦੇ ਹਨ। ਇਹ ਆਲੂ ਮਾਰਚ-ਅਪ੍ਰੈਲ ਵਿੱਚ ਤਿਆਰ ਹੁੰਦੇ ਹਨ।

**ਅਰਲੀ ਬਲਾਈਟ ਦੇ ਰੋਗ ਲਈ ਦਵਾਈ** : ਮੈਨਕੋਜ਼ੇਬ 75% ਡਬਲਯੂ, ਅਜ਼ੋਕਸੀਸਟਰੋਬਿਨ + ਡਾਈਫੇਨੋਕੋਨਾਜ਼ੋਲ, ਪ੍ਰੋਪੀਨੇਥ।

### ਦੁਆਬੇ ਵਿੱਚ ਤਿਆਰ ਹੁੰਦੇ ਵਧੀਆ ਬੀਜ

ਡਾ. ਮਨਪ੍ਰੀਤ ਕੌਰ (ਐਚ. ਡੀ. ਓ.) ਬਾਗਬਾਨੀ ਵਿਕਾਸ ਅਫ਼ਸਰ ਕਪੂਰਥਲਾ ਅਨੁਸਾਰ ਕਪੂਰਥਲਾ ਅਤੇ ਜਲੰਧਰ ਸ਼ਹਿਰ ਵਿੱਚ ਆਲੂਆਂ ਦੀ ਫ਼ਸਲ ਦੀ ਬਿਜਾਈ ਲਈ ਪ੍ਰਸਿੱਧ ਹੈ ਅਤੇ ਇਹ ਸਿੱਧੇ ਤੌਰ 'ਤੇ ਵਾਇਰਸ ਫਰੀ ਸੀਡ ਹੈ ਅਤੇ ਜੈਵਿਕ ਖਾਦਾਂ ਰਾਹੀਂ ਕੁਆਲਿਟੀ ਸੀਡ ਵੀ ਤਿਆਰ ਕਰਦਾ ਹੈ ਜਿਸ ਦੇ ਆਲੂ ਕਰਨਾਟਕਾ, ਮਹਾਰਾਸ਼ਟਰ, ਉੱਤਰਾਖੰਡ ਅਤੇ ਪੱਛਮੀ ਬੰਗਾਲ ਵਿੱਚ ਭੇਜੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਆਲੂਆਂ ਨੂੰ ਲੇਟ ਬਲਾਇਟ ਰੋਗ ਹੋਵੇ ਤਾਂ ਰਿਟੋਬਿਲ ਗੋਲਡ ਅਤੇ ਐਮ 45 ਦੀ ਦਵਾਈ ਵਰਤਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਕਪੂਰਥਲਾ ਅਤੇ ਜਲੰਧਰ ਸ਼ਹਿਰਾਂ ਵਿੱਚ ਏਅਰੋਪੋਨਿਕ ਸੀਡ ਦੇ ਯੂਨਿਟ ਵੀ ਲਗਾਏ ਗਏ ਹਨ।

**ਸਟਰਾਈਟ ਦੀ ਬਿਮਾਰੀ ਲਈ** : ਬੀਜ ਟਿਊਬ ਨੂੰ ਮੈਨਕੋਜ਼ੇਬ ਨਾਲ ਟ੍ਰੀਟ ਕਰੋ, ਖੇਤ ਦੀ ਨਿਕਾਸ ਯਕੀਨੀ ਬਣਾਓ।

**ਕੀੜਿਆਂ ਲਈ (ਸੁੰਡੀ, ਤਿੱਤਲੀ, ਜੜ੍ਹ-ਕੀੜੇ)** : ਇਮਿਡਾਕਲੋਪਰਿਡ 17.8% ਕਲੋਰੋਪਾਇਰੀਫਾਸ 20%, ਫਿਪਰੋਨਿਲ 5%।

**ਬਾਕੀ ਸਫਾ 6 'ਤੇ**

## ਪੰਜਾਬ ਵਿੱਚ ਪ੍ਰਸਿੱਧ ਕਿਸਮਾਂ ਦੀ ਬਿਜਾਈ

ਮੁੱਖ ਖੇਤੀਬਾੜੀ ਅਫ਼ਸਰ ਐਚਪੀਐਸ ਭਰੋਤ ਨੇ ਦੱਸਿਆ ਕਿ ਆਲੂ ਦੀਆਂ ਕਈ ਪ੍ਰਸਿੱਧ ਕਿਸਮਾਂ ਪੰਜਾਬ ਦੇ ਖੇਤਰ ਵਿੱਚ ਪ੍ਰਚੱਲਿਤ ਕਿਸਮਾਂ ਹਨ। ਪੰਜਾਬ ਦੇ ਕਿਸਾਨ ਉੱਚ ਪੈਦਾਵਾਰ ਵਾਲੀਆਂ ਕਿਸਮਾਂ ਸਭ ਤੋਂ ਵੱਧ ਬੀਜਦੇ ਹਨ ਜਿਵੇਂ-

**ਕੁਫ਼ਰੀ ਪੁਖਰਾਜ** : ਜਲਦੀ ਤਿਆਰ ਹੋਣ ਵਾਲੀ ਆਲੂ ਦੀ ਇਹ ਕਿਸਮ ਜੋ ਰੋਟੀ-ਸਬਜ਼ੀ ਲਈ ਬਹੁਤ ਵਧੀਆ ਹੈ।



**ਕੁਫ਼ਰੀ ਬਹਾਰ** : ਸਭ ਤੋਂ ਜ਼ਿਆਦਾ ਬੀਜੀ ਜਾਣ ਵਾਲੀ।

**ਕੁਫ਼ਰੀ ਜੋਤੀ** : ਰੋਗ-ਰੋਧਕ ਸਮਰੱਥਾ ਵਧੀਆ ਹੈ।

**ਕੁਫ਼ਰੀ ਚੰਦਰਮੁਖੀ** : ਚਿੱਟੇ ਗੁੱਟੇ, ਗੁਣਵੰਤਾ ਸ਼ਾਨਦਾਰ।

**ਕੁਫ਼ਰੀ ਹਿਮਾਲਿਨੀ** : ਇਹ ਫ਼ਸਲ ਗਰਮੀ ਸ਼ਹਿਣਸ਼ੀਲ ਹੈ।

**ਕੁਫ਼ਰੀ ਸੂਰੀਆ** : ਫ਼ਸਲ ਤੇਜ਼ ਤਿਆਰ, ਕੀੜਿਆਂ ਤੋਂ ਬਚਾਅ।

**ਐੱਲਆਰ** : ਇਹ ਲਾਲ ਰੰਗ ਦੇ ਆਲੂ ਹੁੰਦੇ ਹਨ।

**ਕੁਫ਼ਰੀ ਲਾਲੀਮਾ** : ਲਾਲ ਛਿਲਕੇ ਵਾਲਾ, ਬਾਜ਼ਾਰ ਵਿੱਚ ਇਸ ਦੀ ਜ਼ਿਆਦਾ ਮੰਗ ਕੀਤੀ ਜਾਂਦੀ ਹੈ।

**ਡਾਇਮੰਡ** : ਇਹ ਸਮੋਸੇ, ਅੰਮ੍ਰਿਤਸਰੀ ਕੁਲਚੇ ਬਣਾਉਣ, ਕੁਲਚੇ ਅਤੇ ਭਟੂਰੇ ਬਣਾਉਣ ਲਈ ਇਸ ਦੀ ਬਹੁਤ ਜ਼ਿਆਦਾ ਮੰਗ ਹੈ।

ਇਨ੍ਹਾਂ ਆਲੂ ਦੀਆਂ ਕਿਸਮਾਂ ਦੀਆਂ ਸਫਲਤਾ ਦਾ ਕਾਰਨ ਇਸ ਖੇਤਰ ਦੀ ਮਿੱਟੀ ਦਾ ਹਲਕਾ, ਰੇਤਲੀ ਅਤੇ ਨਿਕਾਸ ਯੋਗ ਹੁੰਦਾ ਹੈ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ



## ਚਾਲੂ ਵਿੱਤੀ ਸਾਲ ਵਿੱਚ ਦਿਹਾਤੀ ਭਾਰਤ ਆਰਥਿਕਤਾ ਨੂੰ ਮਜ਼ਬੂਤ ਕਰ ਰਿਹੈ

# ਅਰਥਚਾਰੇ ਲਈ ਵਰਦਾਨ ਨੇ ਪਿੰਡ



ਡਾ. ਜੈਅੰਤੀਲਾਲ ਭੰਡਾਰੀ
ਅਰਥ-ਸ਼ਾਸਤਰੀ

**ਗਰੀਬੀ ਵਿੱਚ ਕਮੀ ਅਤੇ ਛੋਟੇ ਕਿਸਾਨਾਂ ਦੀ ਸ਼ਾਹੂਕਾਰਾਂ 'ਤੇ ਘਟੀ ਨਿਰਭਰਤਾ ਨਾਲ ਦਿਹਾਤੀ ਭਾਰਤ ਦੀ ਆਰਥਿਕ ਸੂਰਤ ਕਾਫ਼ੀ ਬਦਲ ਰਹੀ ਹੈ।**

ਭਾਰਤ ਨੇ 2024-25 ਵਿੱਚ 35.77 ਕਰੋੜ ਟਨ ਅਨਾਜ ਉਤਪਾਦਨ ਕਰ ਕੇ ਇੱਕ ਇਤਿਹਾਸਕ ਰਿਕਾਰਡ ਬਣਾਇਆ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ ਦਾ ਅਨਾਜ ਉਤਪਾਦਨ 10 ਕਰੋੜ ਟਨ ਵਧਿਆ ਹੈ। ਇਸ ਖੇਤੀ ਵਿੱਚ ਆਤਮ-ਨਿਰਭਰਤਾ ਅਤੇ ਪਿੰਡਾਂ ਦੇ ਵਿਕਾਸ ਵੱਲ ਦੇਸ਼ ਦੀ ਲਗਾਤਾਰ ਵੱਧਦੀ ਰਫ਼ਤਾਰ ਨੂੰ ਦਰਸਾਉਂਦਾ ਹੈ। ਇਸ ਸਮੇਂ ਜਿੱਥੇ ਆਲਮੀ ਸਮੁੱਚਾ ਘਰੇਲੂ ਉਤਪਾਦ (ਜੀਡੀਪੀ) ਦੀ ਵਾਧਾ ਦਰ ਲਗਪਗ ਤਿੰਨ ਪ੍ਰਤੀਸ਼ਤ ਹੈ ਅਤੇ ਜੀ-7 ਦੇ ਦੇਸ਼ਾਂ ਦੀ ਆਰਥਿਕਤਾ ਔਸਤ ਵਿੱਚ ਲਗਪਗ 1.5 ਪ੍ਰਤੀਸ਼ਤ ਦੀ ਦਰ ਨਾਲ ਵੱਧ ਰਹੀ ਹੈ, ਓਥੇ ਹੀ ਭਾਰਤ ਵਿੱਚ 2025-26 ਦੀ ਦੂਜੀ ਤਿਮਾਹੀ ਵਿੱਚ ਜੀਡੀਪੀ ਦੀ ਵਾਧਾ ਦਰ 8.2 ਪ੍ਰਤੀਸ਼ਤ ਰਹੀ ਹੈ। ਇਨ੍ਹੀਂ ਦਿਨੀ ਭਾਰਤ ਦੇ ਆਰਥਿਕ ਮੁਹਾਂਦਰੇ ਨਾਲ ਸੰਬੰਧਤ ਵੱਖ-ਵੱਖ ਅਧਿਐਨ ਰਿਪੋਰਟਾਂ ਵਿੱਚ ਇਹ ਤੱਥ ਰੇਖਾਂਕਿਤ ਹੋ ਰਿਹਾ ਹੈ ਕਿ ਚਾਲੂ ਵਿੱਤੀ ਸਾਲ 2025-26 ਵਿੱਚ ਗ੍ਰਾਮੀਣ ਭਾਰਤ ਤੋਂ ਆਰਥਿਕਤਾ ਨੂੰ ਮਜ਼ਬੂਤੀ ਮਿਲ ਰਹੀ ਹੈ। ਇਹ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪਿੰਡਾਂ ਵਿੱਚ ਖ਼ਪਤ ਤੇਜ਼ੀ ਨਾਲ ਵੱਧ ਰਹੀ ਹੈ। ਗ੍ਰਾਮੀਣ ਗਰੀਬੀ ਵਿੱਚ ਕਮੀ, ਛੋਟੇ ਕਿਸਾਨਾਂ ਦੀ ਸ਼ਾਹੂਕਾਰਾਂ ਦੇ ਕਰਜ਼ੇ 'ਤੇ ਨਿਰਭਰਤਾ ਵਿੱਚ ਕਮੀ, ਗ੍ਰਾਮੀਣ ਖ਼ਪਤ ਵਿੱਚ ਵਾਧਾ ਅਤੇ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਵਰਗੀਆਂ ਵੱਖ-ਵੱਖ ਅਨੁਕੂਲਤਾਵਾਂ ਨਾਲ ਗ੍ਰਾਮੀਣ ਮਜ਼ਬੂਤੀ ਦੇ ਰਾਹ 'ਤੇ ਅੱਗੇ ਵੱਧ ਰਿਹਾ ਹੈ। ਰਿਜ਼ਰਵ ਬੈਂਕ ਨੇ ਕਰੰਸੀ ਨੀਤੀ ਸਮੀਖਿਆ ਦੀ ਹਾਲੀਆ ਬੈਠਕ ਵਿੱਚ ਕਿਹਾ ਕਿ ਭਾਰਤ ਵਿੱਚ ਮਹਿੰਗਾਈ ਘੱਟਣ ਵਿੱਚ ਖੇਤੀ ਉਤਪਾਦਨ ਅਤੇ ਗ੍ਰਾਮੀਣ ਵਿਕਾਸ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਅੱਗੇ ਵੀ ਮਹਿੰਗਾਈ ਨੂੰ ਨੱਥ ਪਾਉਣ ਵਿੱਚ ਅਨਾਜ ਉਤਪਾਦਨ ਦੀ ਅਹਿਮ ਭੂਮਿਕਾ ਰਹੇਗੀ।



ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦਿਹਾਤੀ ਸੁਧਾਰ, ਬਿਹਤਰ ਖੇਤੀ ਉਤਪਾਦਨ, ਦਿਹਾਤੀ ਖਪਤ ਵਿੱਚ ਵਾਧਾ ਅਤੇ ਟੈਕਸ ਸੁਧਾਰ ਵਰਗੇ ਤੱਤਾਂ ਦੇ ਆਧਾਰ 'ਤੇ ਭਾਰਤ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵੱਧਦਾ ਪ੍ਰਮੁੱਖ ਅਰਥਚਾਰਾ ਬਣਿਆ ਰਹੇਗਾ। ਇਸੇ ਤਰ੍ਹਾਂ ਐੱਸਐਂਡਪੀ ਗਲੋਬਲ ਰੇਟਿੰਗਜ਼ ਦੁਆਰਾ ਪ੍ਰਕਾਸ਼ਿਤ ਏਸ਼ੀਆ-ਪੈਸੇਫਿਕ ਇਕੋਨੌਮਿਕ ਆਊਟਲੁੱਕ ਰਿਪੋਰਟ 2025 ਅਨੁਸਾਰ ਗ੍ਰਾਮੀਣ ਭਾਰਤ ਵਿੱਚ ਵਿਕਾਸ ਦੀ ਸਕਾਰਾਤਮਕਤਾ ਹੈ। ਮਹਿੰਗਾਈ ਘਟਣ ਅਤੇ ਟੈਕਸਾਂ ਵਿੱਚ ਕਟੌਤੀ ਨਾਲ ਭਾਰਤ ਦੀ ਗ੍ਰਾਮੀਣ ਖਪਤ ਵਿੱਚ ਸੁਧਾਰ ਹੋਇਆ ਹੈ। ਰਿਜ਼ਰਵ ਬੈਂਕ ਦੁਆਰਾ ਪ੍ਰਕਾਸ਼ਿਤ ਦਿਹਾਤੀ ਉਪਭੋਗਤਾ ਵਿਸ਼ਵਾਸ ਸਰਵੇਖਣ 'ਤੇ ਆਧਾਰਤ ਰਿਪੋਰਟ ਮੁਤਾਬਕ ਪਿਛਲੇ ਇੱਕ ਸਾਲ ਵਿੱਚ 76.7 ਪ੍ਰਤੀਸ਼ਤ ਪੇਂਡੂ ਪਰਿਵਾਰਾਂ ਵਿੱਚ ਖਪਤ ਵਾਧਾ ਅਤੇ 39.6 ਪ੍ਰਤੀਸ਼ਤ ਪਰਿਵਾਰਾਂ ਵਿੱਚ ਆਮਦਨ ਵਿੱਚ ਵਾਧਾ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਐਸਬੀਆਈ ਰਿਸਰਚ ਦੁਆਰਾ ਗਰੀਬੀ 'ਤੇ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਰੀਬੀ ਵਿੱਚ ਕਮੀ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿੱਚ ਪੇਂਡੂ ਇਲਾਕਿਆਂ ਵਿੱਚ ਜ਼ਿਆਦਾ ਤੇਜ਼ੀ ਨਾਲ ਆਈ ਹੈ। ਇੱਥੇ 2011-12 ਵਿੱਚ ਗ੍ਰਾਮੀਣ ਗਰੀਬੀ 25.7 ਪ੍ਰਤੀਸ਼ਤ ਅਤੇ ਸ਼ਹਿਰੀ ਗਰੀਬੀ 13.7 ਪ੍ਰਤੀਸ਼ਤ ਸੀ, ਉੱਥੇ ਹੀ 2023-24 ਵਿੱਚ ਗ੍ਰਾਮੀਣ ਗਰੀਬੀ ਘੱਟ ਕੇ 4.86 ਪ੍ਰਤੀਸ਼ਤ ਤੇ ਸ਼ਹਿਰੀ ਗਰੀਬੀ 4.09 ਪ੍ਰਤੀਸ਼ਤ 'ਤੇ ਆ ਗਈ ਹੈ। ਹਾਲ ਹੀ ਵਿੱਚ ਜਾਰੀ ਨਾਬਾਰਡ ਦੀ ਸਰਵੇਖਣ ਰਿਪੋਰਟ ਅਨੁਸਾਰ, ਪੇਂਡੂ ਖੇਤਰਾਂ ਵਿੱਚ ਹੁਣ 54.5 ਪ੍ਰਤੀਸ਼ਤ ਪਰਿਵਾਰ ਰਸਮੀ ਸਰੋਤਾਂ-ਖੇਤਰੀ ਗ੍ਰਾਮੀਣ ਬੈਂਕਾਂ, ਸਹਿਕਾਰੀ ਸਭਾਵਾਂ ਆਦਿ ਤੋਂ ਕਰਜ਼ਾ ਲੈਂਦੇ ਹਨ ਜੋ ਕਿ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ।

ਯਾਦ ਰਹੇ ਕਿ 2019 ਤੋਂ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਵੀ ਕਰੋੜਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵਿੱਤੀ ਮਜ਼ਬੂਤੀ ਦੇ ਰਹੀ ਹੈ। ਅਪ੍ਰੈਲ 2020 ਤੋਂ ਸ਼ੁਰੂ ਕੀਤੀ ਗਈ ਪੀਐੱਮ ਸਵਾਮਿਤਵ ਯੋਜਨਾ ਤਹਿਤ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਕਾਨੂੰਨੀ ਹੱਕ ਦੇ ਕੇ ਉਨ੍ਹਾਂ ਦੇ ਆਰਥਿਕ ਸਸ਼ਕਤੀਕਰਨ ਦਾ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ। ਗ੍ਰਾਮੀਣ ਖੇਤਰਾਂ ਵਿੱਚ ਰਸਮੀ ਕਰਜ਼ਾ ਵਿਵਸਥਾ ਨੇ ਚੰਗੀ ਤਰੱਕੀ ਕੀਤੀ ਹੈ। ਪਿੰਡਾਂ ਵਿੱਚ ਬੈਂਕ ਸ਼ਾਖਾਵਾਂ ਦੀ ਗਿਣਤੀ ਮਾਰਚ 2010 ਦੇ 33,378 ਤੋਂ ਵੱਧ ਕੇ ਦਸੰਬਰ 2024 ਤੱਕ 56,579 ਹੋ ਗਈ ਹੈ। ਇਸ ਦੇ ਨਾਲ ਹੀ ਕਿਸਾਨ ਕਰੈਡਿਟ ਕਾਰਡ (ਕੇਸੀਸੀ), ਕ੍ਰਿਸ਼ੀ ਇਨਫਰਾਸਟਰਕਚਰ ਫੰਡ, ਸਹਿਕਾਰੀ ਸਭਾਵਾਂ ਅਤੇ ਦਿਹਾਤੀ ਖੇਤਰਾਂ ਵਿੱਚ ਸਵੈ-ਸਹਾਇਤਾ ਸਮੂਹ, ਗ੍ਰਾਮੀਣ ਬੈਂਕਿੰਗ ਵਿਵਸਥਾ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ। ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ ਫ਼ਸਲਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਅਤੇ ਫ਼ਸਲ ਬੀਮਾ ਰਕਮ ਨੂੰ ਵਧਾਇਆ ਹੈ। ਹਾਲਾਂਕਿ ਦੇਸ਼ ਦਾ ਕੁੱਲ ਨਿਰਯਾਤ 50 ਅਰਬ ਡਾਲਰ ਤੋਂ ਪਾਰ ਪਹੁੰਚ ਗਿਆ ਹੈ ਪਰ ਸਾਨੂੰ ਹਾਲੇ ਵੀ ਗ੍ਰਾਮੀਣ ਭਾਰਤ ਦੇ ਵਿਕਾਸ ਅਤੇ ਕਿਸਾਨਾਂ ਦੀ ਪ੍ਰਗਤੀ ਲਈ ਕਈ ਗੱਲਾਂ 'ਤੇ ਧਿਆਨ ਦੇਣਾ ਹੋਵੇਗਾ। ਛੋਟੇ ਅਤੇ ਸੀਮਾਂਤ ਕਿਸਾਨ ਆਧੁਨਿਕ ਖੇਤੀ ਦੀ ਤਕਨੀਕ ਅਪਨਾਉਣ ਵਿੱਚ ਅਸਮਰੱਥਾ ਮਹਿਸੂਸ ਕਰ ਰਹੇ ਹਨ। ਛੋਟੇ ਕਿਸਾਨ ਆਨਲਾਈਨ ਖ਼ਰੀਦਦਾਰੀ ਵਿੱਚ ਬਹੁਤ ਪਿੱਛੇ ਹਨ। ਹਾਲੇ ਵੀ ਪੇਂਡੂ ਜਨ-ਜੀਵਨ ਦੇ ਲਗਪਗ 22 ਪ੍ਰਤੀਸ਼ਤ ਲੋਕਾਂ ਦੀ ਕਰਜ਼ੇ ਲਈ ਸ਼ਾਹੂਕਾਰਾਂ ਅਤੇ ਹੋਰ ਗੈਰ-ਰਸਮੀ ਸਰੋਤਾਂ 'ਤੇ ਨਿਰਭਰਤਾ ਬਣੀ ਹੋਈ ਹੈ। ਇਹ ਵਰਗ ਉੱਚੀ ਵਿਆਜ ਦਰ 'ਤੇ ਕਰਜ਼ਾ ਦਿੰਦਾ ਹੈ ਤੇ ਇਸ ਦੀਆਂ ਔਸਤ ਵਿਆਜ ਦਰਾਂ ਲਗਪਗ 17-18 ਪ੍ਰਤੀਸ਼ਤ ਤੋਂ ਵੀ ਵੱਧ ਹੁੰਦੀਆਂ ਹਨ। ਜਦੋਂ ਛੋਟੇ ਕਿਸਾਨਾਂ ਨੂੰ ਮੌਸਮੀ ਜੋਖ਼ਮ ਅਤੇ ਸਰਕਾਰ ਤੋਂ ਢੁੱਕਵੇਂ ਧਨ ਦੇ ਤਬਾਦਲੇ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਭਾਰੀ ਵਿਆਜ ਦੇ ਬਾਵਜੂਦ ਸ਼ਾਹੂਕਾਰਾਂ ਦੇ ਬੂਹੇ 'ਤੇ ਦਸਤਕ ਦੇਣ ਲਈ ਮਜਬੂਰ ਹੁੰਦੇ ਹਨ।



ਕਈ ਵਾਰ ਛੋਟੇ ਕਿਸਾਨ ਰਸਮੀ ਸਰੋਤਾਂ ਤੋਂ ਕਰਜ਼ਾ ਲੈਣਾ ਚਾਹੁੰਦੇ ਹਨ ਪਰ ਇਸ ਵਿੱਚ ਦਸਤਾਵੇਜ਼ਾਂ, ਗਰੰਟਰਾਂ ਦੀ ਕਮੀ ਅਤੇ ਹੋਰ ਸ਼ਰਤਾਂ ਰੁਕਾਵਟ ਬਣਦੀਆਂ ਹਨ। ਇੱਕ ਸਰਵੇਖਣ ਮੁਤਾਬਕ ਲਗਪਗ 50 ਪ੍ਰਤੀਸ਼ਤ ਕਿਸਾਨ ਪਰਿਵਾਰ ਹਾਲੇ ਵੀ ਕਰਜ਼ੇ ਵਿੱਚ ਡੁੱਬੇ ਹੋਏ ਹਨ। ਪਿੰਡਾਂ ਵਿੱਚ ਸ਼ਾਹੂਕਾਰਾਂ ਅਤੇ ਗੈਰ-ਰਸਮੀ ਕਰਜ਼ਿਆਂ 'ਤੇ ਨਿਰਭਰਤਾ ਘਟਾਉਣ ਲਈ ਬੈਂਕ ਬਰਾਂਚਾਂ ਦੇ ਵਿਸਥਾਰ ਦੇ ਨਾਲ-ਨਾਲ ਹੋਰ ਕਦਮ ਚੁੱਕਣ ਦੀ ਵੀ ਲੋੜ ਹੈ। ਇਹ ਸਮੇਂ ਦੀ ਮੰਗ ਹੈ ਕਿ ਦਿਹਾਤੀ ਅਰਥ-ਵਿਵਸਥਾ ਦੇ ਆਖ਼ਰੀ ਪਾਸੇ ਤੱਕ ਮਜ਼ਬੂਤ ਗੈਰ-ਬੈਂਕਿੰਗ ਵਿੱਤੀ ਕੰਪਨੀਆਂ (ਐਨਬੀਐਫਸੀ) ਦੀ ਭੂਮਿਕਾ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਵੇ। ਪਿੰਡਾਂ ਵਿੱਚ ਪ੍ਰਧਾਨ ਮੰਤਰੀ ਸਵਾਮੀਤਵ ਯੋਜਨਾ ਦਾ ਤੇਜ਼ੀ ਨਾਲ ਵਿਸਥਾਰ ਕਰਨਾ ਹੋਵੇਗਾ। ਇਸ ਨਾਲ ਛੋਟੇ ਕਿਸਾਨਾਂ ਦੀ ਸੰਸਥਾਗਤ ਕਰਜ਼ੇ ਤੱਕ ਪਹੁੰਚ ਵਧਾਈ ਜਾ ਸਕੇਗੀ। ਦੇਸ਼ ਨੂੰ 2047 ਤੱਕ ਵਿਕਸਤ ਬਣਾਉਣ ਲਈ ਸਰਕਾਰ ਨੂੰ ਦਿਹਾਤੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਰਾਹ 'ਤੇ ਅੱਗੇ ਵੱਧਣਾ ਹੋਵੇਗਾ।

ਬਾਕੀ ਸਫਾ 5 ਦੀ

## ਕਿਵੇਂ ਵਧਾਈਏ ਆਲੂਆਂ ਦੀ ਪੈਦਾਵਾਰ

**ਲੇਟ ਬਲਾਈਟ ਬਿਮਾਰੀ ਤੋਂ ਬਚਾਅ ਲਈ** : ਖੇਤਾਂ ਵਿੱਚ ਜ਼ਹਿਰ ਘਟਾਇਆ ਜਾਵੇ, ਕੈਮੀਕਲ ਜ਼ਹਿਰਾਂ ਦੀ ਬਜਾਏ ਜੈਵਿਕ ਖਾਦਾਂ ਅਤੇ ਜੈਵਿਕ ਦਵਾਈਆਂ ਦੀ ਵਰਤੋਂ ਵਧੇਰੇ ਕਰਨੀ ਚਾਹੀਦੀ ਹੈ।

**ਲੇਟ ਬਲਾਈਟ ਰੋਗ ਦੀ ਰੋਕਥਾਮ ਲਈ** : 500 ਗ੍ਰਾਮ ਸਪੋਰਡਿਕਸ ਨੂੰ 150 ਲੀਟਰ ਪਾਣੀ ਵਿੱਚ ਮਿਲਾ ਕੇ ਇਸਦਾ ਸਪਰੇਅ ਕਰੋ।

**ਇਨਵਿੰਨਟੋ ਦਵਾਈ** : ਇਹ ਅਗੇਤੀ ਅਤੇ ਪਛੇਤੀ ਖੇਤੀ ਲਈ ਹੁੰਦੀ ਹੈ ਅਤੇ ਇਸ ਦੀ ਕੋਈ ਕਮੀ ਨਹੀਂ ਹੁੰਦੀ ਹੈ।

**ਮਿੱਟੀ ਦੀਆਂ ਬਿਮਾਰੀਆਂ ਤੋਂ ਬਚਾਅ** : ਬੀਜ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਵੀਰਾਈਡ ਦੀ ਵਰਤੋਂ ਕਰੋ ਅਤੇ 8-10 ਦਿਨਾਂ ਬਾਅਦ ਕਾਰਬੈਂਡਾਜ਼ਿਮ ਦਾ ਹਲਕਾ ਸਪਰੇਅ ਕਰੋ।

**ਇੱਕ ਲੱਖ ਹੈਕਟੇਅਰ ਤੋਂ ਵੱਧ ਬਿਜਾਈ**

ਡਾ. ਪਰਮਜੀਤ ਸਿੰਘ ਨੋਡਲ ਅਫ਼ਸਰ ਆਲੂ ਪੰਜਾਬ ਅਨੁਸਾਰ ਪੰਜਾਬ ਵਿੱਚ ਪਿਛਲੇ ਸਾਲ 2024-25 ਦੌਰਾਨ 1 ਲੱਖ 20 ਹਜ਼ਾਰ ਹੈਕਟੇਅਰ ਰਕਬੇ 'ਤੇ ਆਲੂਆਂ ਦੀ ਫ਼ਸਲ ਦੀ ਬਿਜਾਈ ਕੀਤੀ ਗਈ ਸੀ ਜਿਸ ਤੋਂ 33.29 ਲੱਖ ਮੀਟ੍ਰਿਕ ਟਨ ਕੁਲ ਆਲੂਆਂ ਦੀ ਫ਼ਸਲ ਦੀ ਪੈਦਾਵਾਰ ਹੋਈ ਸੀ ਅਤੇ ਇਸ ਸਾਲ ਇੱਕ ਲੱਖ ਹੈਕਟੇਅਰ ਤੋਂ ਉੱਪਰ ਆਲੂਆਂ ਦੀ ਫ਼ਸਲ ਦੀ ਬਿਜਾਈ ਹੋਈ ਹੈ ਜਿਸ ਤੋਂ ਵੱਧ ਦੀ ਉਮੀਦ ਕੀਤੀ ਗਈ ਹੈ। ਜ਼ਿਲ੍ਹਾ ਕਪੂਰਥਲਾ ਸ਼ਹਿਰ ਨੂੰ ਬੀਜ ਆਲੂ ਪੈਦਾ ਕਰਨ ਵਜੋਂ ਜਾਣਿਆ ਜਾਂਦਾ ਹੈ ਅਤੇ ਪਿਛਲੇ ਸਾਲ 10,594 ਹੈਕਟੇਅਰ ਰਕਬੇ ਉੱਪਰ ਆਲੂਆਂ ਦੀ ਫ਼ਸਲ ਦੀ ਬਿਜਾਈ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਾਲ ਆਲੂ ਦੀ ਬੀਜੀ ਗਈ ਫ਼ਸਲ ਦੀ ਹਾਲਤ ਚੰਗੀ ਹੈ ਅਤੇ ਕੋਈ ਵੀ ਬਿਮਾਰੀ ਨਹੀਂ ਹੈ। ਖੇਤਾਂ ਵਿੱਚ ਜ਼ਹਿਰ ਨੂੰ ਜਿੰਨਾ ਹੋ ਸਕਦਾ ਹੈ, ਉਨ੍ਹਾਂ ਹੀ ਘਟਾਇਆ ਜਾਵੇ, ਕੈਮੀਕਲ ਜ਼ਹਿਰਾਂ ਦੀ ਬਜਾਏ ਸਿਰਫ਼ ਜੈਵਿਕ ਖਾਦਾਂ ਅਤੇ ਜੈਵਿਕ ਦਵਾਈਆਂ ਦੀ ਵਰਤੋਂ ਕਰਨੀਆਂ ਚਾਹੀਦੀਆਂ ਹਨ। ਲੇਟ ਬਲਾਇਟ ਰੋਗ ਦੀ ਰੋਕਥਾਮ ਲਈ 500 ਗ੍ਰਾਮ ਸਪੋਰਡਿਕਸ ਨੂੰ 150 ਲੀਟਰ ਪਾਣੀ ਵਿੱਚ ਮਿਲਾ ਕੇ ਇਸ ਦਾ ਸਪਰੇਅ ਕਰੋ।

ਪੰਜਾਬ ਦੇ ਕਿਸਾਨਾਂ ਲਈ ਖੇਤੀਬਾੜੀ ਲਈ ਖ਼ਾਸ ਸਲਾਹ ਹੈ ਕਿ ਸਿਰਫ਼ ਰੋਗ-ਰਹਿਤ ਬੀਜ ਹੀ ਵਰਤੋਂ, ਖੇਤ ਵਿੱਚ ਵਧੀਆ ਨਿਕਾਸ ਬਣਾਈ ਰੱਖੋ, ਮੌਸਮ ਰਿਪੋਰਟ ਦੇ ਅਧਾਰ 'ਤੇ ਸਪਰੇਅ ਦਾ ਸਮਾਂ ਤੈਅ ਕਰੋ, ਪੱਤਿਆਂ 'ਤੇ ਕਾਲੇ ਦਾਗ ਨਜ਼ਰ ਆਉਂਦੇ ਹੀ ਤੁਰੰਤ ਸਪਰੇਅ ਕਰੋ, ਫ਼ਸਲ ਨੂੰ ਵਾਰ-ਵਾਰ ਚੈੱਕ ਕਰਦੇ ਰਹੋ, ਬਿਜਾਈ ਤੋਂ ਪਹਿਲਾਂ ਮਿੱਟੀ ਨੂੰ ਟਰਾਈਕੋਡਰਮਾਂ ਨਾਲ ਸੰਵਾਰੋ। ਪੰਜਾਬ ਦੇ ਖੇਤਰ ਵਿੱਚ ਆਲੂ ਦੀ ਖੇਤੀ ਸਦੀਆਂ ਤੋਂ ਕਿਸਾਨਾਂ ਦੀ ਆਮਦਨ ਦਾ ਵੱਡਾ ਆਸਰਾ ਰਹੀ ਹੈ ਪਰ ਬਿਮਾਰੀਆਂ, ਨਮੀ ਅਤੇ ਮੌਸਮੀ ਬਦਲਾਅ ਨੇ ਖੇਤੀ ਨੂੰ ਚੁਣੌਤੀਪੂਰਨ ਬਣਾਇਆ ਹੋਇਆ ਹੈ। ਜੇ ਕਿਸਾਨ ਵੈਰਾਇਟੀ ਦੀ ਸਹੀ ਚੋਣ, ਬੀਜ ਦਾ ਟ੍ਰੀਟਮੈਂਟ, ਮੌਸਮ ਅਨੁਸਾਰ ਸਪਰੇਅ ਅਤੇ ਮਾਹਿਰਾਂ ਦੀ ਸਲਾਹ ਅਪਨਾਉਣ ਤਾਂ ਉੱਚ ਪੈਦਾਵਾਰ ਅਤੇ ਬਿਮਾਰੀਆਂ ਤੋਂ ਬਚਾਅ ਦੋਵੇਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

# ਫ਼ਲਦਾਰ ਬੂਟਿਆਂ ਤੇ ਸਬਜ਼ੀਆਂ ਵਿੱਚ ਝੋਨੇ ਦੀ ਪਰਾਲੀ ਦੀ ਵਰਤੋਂ

**ਝੋਨੇ ਦੀ ਪਰਾਲੀ ਨੂੰ ਬਾਗਾਂ ਤੇ ਸਬਜ਼ੀਆਂ ਵਿੱਚ ਮਲਚ ਵਜੋਂ ਵਰਤਣ ਨਾਲ ਨਦੀਨਾਂ ਦੀ ਰੋਕਥਾਮ, ਮਿੱਟੀ ਦੇ ਤਾਪਮਾਨ ਨੂੰ ਨਿਯੰਤ੍ਰਿਤ ਅਤੇ ਫ਼ਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਅਤੇ ਗੁਣਵੱਤਾ ਵਿੱਚ ਵਾਧਾ ਹੋਣ ਦੇ ਨਾਲ-ਨਾਲ ਮਿੱਟੀ ਦੀ ਨਮੀ, ਉਪਜਾਊ ਸ਼ਕਤੀ ਅਤੇ ਬਣਤਰ ਵਿੱਚ ਸੁਧਾਰ ਹੁੰਦਾ ਹੈ। ਫ਼ਲਦਾਰ ਬੂਟਿਆਂ ਅਤੇ ਸਬਜ਼ੀਆਂ ਵਿੱਚ ਝੋਨੇ ਦੀ ਪਰਾਲੀ ਦੀ ਸੁਚੱਜੀ ਵਰਤੋਂ ਪਰਾਲੀ ਸਾੜਨ ਨਾਲ ਹਵਾ ਵਿੱਚ ਹੋ ਰਹੇ ਪ੍ਰਦੂਸ਼ਣ ਨੂੰ ਘਟਾਉਂਦੀ ਹੈ।**

ਡਾ. ਅਰਵਿੰਦ ਪ੍ਰੀਤ ਕੌਰ
ਮੋ. 94637-28095

ਪੰਜਾਬ ਵਿੱਚ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਹਰ ਸਾਲ ਕ੍ਰਮਵਾਰ 14 ਤੇ 22.5 ਮਿਲੀਅਨ ਟਨ ਫ਼ਸਲੀ



ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਸਾਉਣ ਦੇ ਮੌਸਮ ਵਿੱਚ ਝੋਨੇ ਦੀ ਪਰਾਲੀ ਸਾੜਨ ਨਾਲ ਮਿੱਟੀ ਦੀ ਸਿਹਤ ਖ਼ਰਾਬ ਹੋਣ ਦੇ ਨਾਲ-ਨਾਲ ਹਵਾ ਪ੍ਰਦੂਸ਼ਣ ਦੀ ਵੱਡੀ ਸਮੱਸਿਆ ਵੀ ਪੈਦਾ ਹੁੰਦੀ ਹੈ। ਪੰਜਾਬ ਵਿੱਚ ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਦੋ ਮੁੱਖ ਤਰੀਕੇ ਸ਼ਾਮਲ ਹਨ : ਇਨ-ਸੀਟੂ ਪ੍ਰਬੰਧਨ, ਜਿੱਥੇ ਰਹਿੰਦ-ਖੂੰਹਦ ਨੂੰ ਮਿੱਟੀ ਵਿੱਚ ਵਾਹ ਦਿੱਤਾ ਜਾਂਦਾ ਹੈ ਤੇ ਐਕਸ-ਸੀਟੂ ਪ੍ਰਬੰਧਨ, ਜਿੱਥੇ ਇਸ ਨੂੰ ਬਾਹਰੀ ਵਰਤੋਂ ਲਈ ਹਟਾਇਆ ਜਾਂਦਾ ਹੈ। ਇਨ-ਸੀਟੂ ਵਿਧੀਆਂ, ਜਿਵੇਂ ਹੈਪੀ ਸੀਡਰ ਅਤੇ ਸੁਪਰ ਸੀਡਰ ਵਰਗੀ ਮਸ਼ੀਨਰੀ ਨੂੰ ਸਬਸਿਡੀਆਂ ਅਤੇ ਮੋਬਾਈਲ ਐਪਸ ਰਾਹੀਂ ਕਿਸਾਨਾਂ ਤੱਕ ਪਹੁੰਚ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਐਕਸ-ਸੀਟੂ ਵਰਤੋਂ ਵਿੱਚ ਬਾਇਓਮਾਸ ਪਾਵਰ ਪਲਾਂਟ, ਬਾਇਓ-ਈਥੇਨੌਲ ਪਲਾਂਟ, ਬਾਇਓਗੈਸ (ਸੀਬੀਜੀ) ਪਲਾਂਟ, ਇੱਟਾਂ ਦੇ ਭੱਠਿਆਂ ਲਈ ਬ੍ਰਿਕੇਟਿੰਗ/ਪੈਲੇਟਿੰਗ ਪਲਾਂਟ ਅਤੇ ਗੱਤੇ ਦੀਆਂ ਫੈਕਟਰੀਆਂ, ਪਸ਼ੂਆਂ ਦੇ ਚਾਰੇ ਵਰਗੀ ਉਦਯੋਗਿਕ ਵਰਤੋਂ ਸ਼ਾਮਲ ਹਨ।

ਝੋਨੇ ਦੀ ਪਰਾਲੀ ਨੂੰ ਬਾਗਾਂ ਅਤੇ ਸਬਜ਼ੀਆਂ ਵਿੱਚ ਮਲਚ ਵਜੋਂ ਵਰਤਣ ਨਾਲ ਨਦੀਨਾਂ ਦੀ ਰੋਕਥਾਮ, ਮਿੱਟੀ ਦੇ ਤਾਪਮਾਨ ਨੂੰ ਨਿਯੰਤ੍ਰਿਤ ਅਤੇ ਫ਼ਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਅਤੇ ਗੁਣਵੱਤਾ ਵਿੱਚ ਵਾਧਾ ਹੋਣ ਦੇ ਨਾਲ-ਨਾਲ ਮਿੱਟੀ ਦੀ ਨਮੀ, ਉਪਜਾਊ ਸ਼ਕਤੀ ਅਤੇ ਬਣਤਰ ਵਿੱਚ ਸੁਧਾਰ ਹੁੰਦਾ ਹੈ। ਫ਼ਲਦਾਰ ਬੂਟਿਆਂ ਅਤੇ ਸਬਜ਼ੀਆਂ ਵਿੱਚ ਝੋਨੇ ਦੀ ਪਰਾਲੀ ਦੀ ਸੁਚੱਜੀ ਵਰਤੋਂ ਪਰਾਲੀ ਸਾੜਨ ਨਾਲ ਹਵਾ ਵਿੱਚ ਹੋ ਰਹੇ ਪ੍ਰਦੂਸ਼ਣ ਨੂੰ ਘਟਾਉਂਦੀ ਹੈ ਅਤੇ ਮਿੱਟੀ ਦੀ ਸਿਹਤ ਠੀਕ ਰਹਿੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਕੀਨੂੰ, ਅਮਰੂਦ, ਨਾਸ਼ਪਤੀ, ਬੇਰ, ਆੜੂ ਅਤੇ ਅਲੂਚਾ ਵਿੱਚ ਫ਼ਲਾਂ ਦੀ ਪੈਦਾਵਾਰ ਵਿੱਚ ਵਧੇ ਤੇ ਫ਼ਲਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਝੋਨੇ ਦੀ ਮਲਚ ਦੀ ਸਿਫ਼ਰਿਸ਼ ਕੀਤੀ ਹੈ। ਸਬਜ਼ੀਆਂ ਵਿੱਚ ਲਸਣ, ਆਲੂ, ਹਲਦੀ ਅਤੇ ਅਦਰਕ ਵਿੱਚ ਗੁਣਵੱਤਾ ਅਤੇ ਨਦੀਨ ਪ੍ਰਬੰਧਨ ਲਈ ਝੋਨੇ ਦੀ ਪਰਾਲੀ ਦੀ ਵਰਤੋਂ ਦੀ ਸਿਫ਼ਰਿਸ਼ ਕੀਤੀ ਗਈ ਹੈ, ਜਿਸ ਨੂੰ ਮਲਚ ਵਜੋਂ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਹੈ।

ਫ਼ਲਦਾਰ ਬੂਟਿਆਂ ਵਿੱਚ ਪਰਾਲੀ ਦੀ ਸੁਚੱਜੀ ਵਰਤੋਂ ਪੰਜਾਬ ਵਿੱਚ ਲਗਾਏ ਜਾਣ ਵਾਲੇ ਕੀਨੂੰ, ਅਮਰੂਦ, ਨਾਸ਼ਪਤੀ, ਆੜੂ ਅਤੇ ਬੇਰ ਆਦਿ ਮੁੱਖ ਫ਼ਲਾਂ ਦੇ ਬਾਗਾਂ ਵਿੱਚ ਝੋਨੇ ਦੀ ਪਰਾਲੀ ਵਿਛਾ ਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਫ਼ਲਦਾਰ ਬੂਟਿਆਂ ਵਿੱਚ ਝੋਨੇ ਦੀ ਪਰਾਲੀ ਵਿਛਾਉਣ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ :

**ਕੀਨੂੰ :** ਬਾਗ ਵਿੱਚ ਬੂਟਿਆਂ ਹੇਠ ਦਸੰਬਰ ਦੇ ਅਖ਼ੀਰ ਵਿੱਚ ਦੇਸੀ ਅਤੇ ਰਸਾਇਣਕ ਖਾਦਾਂ ਪਾਉਣ ਤੋਂ ਬਾਅਦ ਜਾਂ ਅਪ੍ਰੈਲ ਵਿੱਚ ਰਸਾਇਣਕ ਖਾਦਾਂ ਦੀ ਦੂਸਰੀ ਕਿਸ਼ਤ ਪਾਉਣ ਤੋਂ ਬਾਅਦ 3 ਟਨ ਪ੍ਰਤੀ ਏਕੜ ਪਰਾਲੀ ਦੀ 26 ਸੈਂਟੀਮੀਟਰ ਮੋਟੀ ਤਹਿ ਵਿਛਾ ਦਿਓ। ਝੋਨੇ ਦੀ ਪਰਾਲੀ ਮਲਚਿੰਗ ਨਦੀਨਾਂ ਦੇ ਬਾਇਓ ਮਾਸ ਨੂੰ ਘਟਾਉਣ, ਮਿੱਟੀ ਦੀ ਨਮੀ ਨੂੰ ਸੁਰੱਖਿਅਤ ਰੱਖਣ ਅਤੇ ਕੀਨੂੰ ਦੇ ਬਾਗ ਵਿੱਚ ਫ਼ਲਾਂ ਦੇ ਕੇਰੇ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਗਰਮੀਆਂ ਵਿੱਚ ਪਾਣੀ ਦੀ 20 ਪ੍ਰਤੀਸ਼ਤ ਬੱਚਤ ਵੀ ਹੁੰਦੀ ਹੈ। ਫ਼ਲਾਂ ਦੇ ਆਕਾਰ ਅਤੇ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ।

**ਆੜੂ ਅਤੇ ਅਲੂਚਾ :** ਆੜੂ ਅਤੇ ਅਲੂਚਾ ਵਰਗੇ ਫ਼ਲਾਂ ਦੀ ਕੀਮਤ ਫ਼ਲ ਦੇ ਆਕਾਰ ਅਤੇ ਝਾੜ 'ਤੇ ਨਿਰਭਰ ਕਰਦੀ ਹੈ। ਬਸੰਤ ਰੁੱਤ ਅਤੇ ਬਰਸਾਤ ਦੇ ਮੌਸਮ ਦੌਰਾਨ ਆੜੂ ਦੇ ਬਾਗ ਵਿੱਚ ਨਦੀਨ ਜ਼ਿਆਦਾ ਹੁੰਦੇ ਹਨ। ਇਸ ਲਈ ਮਾਰਚ ਦੇ ਪਹਿਲੇ ਹਫ਼ਤੇ ਦੌਰਾਨ 4.5 ਟਨ ਪ੍ਰਤੀ ਏਕੜ ਝੋਨੇ ਦੀ ਪਰਾਲੀ ਦੀ ਮਲਚ ਲਾ ਕੇ ਨਦੀਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਬਾਇਆ ਜਾ ਸਕਦਾ ਹੈ।

**ਨਾਸ਼ਪਤੀ :** ਨਾਸ਼ਪਤੀ ਵਿੱਚ ਲਗਾਤਾਰ ਸਿੰਜਾਈ ਕਰਨ ਨਾਲ ਨਦੀਨਾਂ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ ਅਤੇ ਕਾਸ਼ਤਕਾਰ ਨੂੰ ਨਦੀਨਾਂ ਦੀ ਰੋਕਥਾਮ ਲਈ ਵਾਧੂ ਖਰਚਾ ਕਰਨਾ ਪੈਂਦਾ ਹੈ। ਇਸ ਲਈ ਅਪਰੈਲ ਮਹੀਨੇ ਦੇ ਦੂਸਰੇ ਹਫ਼ਤੇ 5.5 ਟਨ ਪ੍ਰਤੀ ਏਕੜ ਪਰਾਲੀ ਦੀ 10 ਸੈਂਟੀਮੀਟਰ ਮੋਟੀ ਪਰਤ ਵਿਛਾਓ। ਮਲਚ ਦੇ ਨਾਲ ਫ਼ਲ ਦੇ ਆਕਾਰ ਅਤੇ ਗੁਣਵੱਤਾ ਵਿੱਚ ਵੀ ਸੁਧਾਰ ਆਉਂਦਾ ਹੈ।

**ਅਮਰੂਦ :** ਅਮਰੂਦ ਦੇ ਬਾਗ ਵਿੱਚ ਮਈ ਮਹੀਨੇ ਵਿੱਚ ਰੁੱਖਾਂ ਦੀ ਛਤਰੀ ਹੇਠ ਜੈਵਿਕ ਖਾਦ ਅਤੇ ਰਸਾਇਣਕ ਖਾਦਾਂ ਦੀ ਸਿਫ਼ਾਰਸ਼ ਕੀਤੀ ਖ਼ੁਰਾਕ ਪਾਉਣ ਤੋਂ ਬਾਅਦ 4.0 ਟਨ ਪ੍ਰਤੀ ਏਕੜ ਝੋਨੇ ਦੀ ਪਰਾਲੀ ਨੂੰ ਮਲਚ ਦੇ ਤੌਰ 'ਤੇ ਪਾ ਕੇ ਨਦੀਨਾਂ ਦਾ ਸੁਚੱਜਾ ਪ੍ਰਬੰਧਨ ਕੀਤਾ ਜਾ ਸਕਦਾ ਹੈ। ਅਕਤੂਬਰ ਵਿੱਚ ਘਟੀ ਹੋਈ ਮਲਚ ਨੂੰ ਖੇਤ ਵਿੱਚ ਸਿਫ਼ਾਰਸ਼ ਕੀਤੀਆਂ ਖਾਦਾਂ ਦੀ ਦੂਜੀ ਖ਼ੁਰਾਕ ਦੇ ਨਾਲ ਸ਼ਾਮਲ ਕਰੋ। ਬੂਟੇ ਹੇਠ ਵਿਛਾਈ ਪਰਾਲੀ ਮੈਟ ਦੀ ਤਰ੍ਹਾਂ ਬਣ ਜਾਂਦੀ ਹੈ ਜਿਸ ਨਾਲ ਫ਼ਲ ਦੀ ਮੱਖੀ ਨਾਲ ਖਰਾਬ ਹੋਏ ਫ਼ਲਾਂ ਨੂੰ ਇੱਕਠਾ ਕਰਨਾ ਅਤੇ ਉਨ੍ਹਾਂ ਦਾ ਨਿਪਟਾਰਾ ਕਰਨਾ ਸੌਖਾ ਹੋ ਜਾਂਦਾ ਹੈ।

**ਬੇਰ :** ਬੇਰ ਜ਼ਿਆਦਾ ਫੈਲਣ ਵਾਲਾ ਅਤੇ ਕੰਡਿਆਂ ਵਾਲਾ ਦਰੱਖਤ ਹੋਣ ਕਰਕੇ ਨਦੀਨਾਂ ਦੀ ਹੱਥੀ ਰੋਕਥਾਮ ਕਰਨਾ ਔਖਾ ਕੰਮ ਹੈ। ਇਸ ਵਿੱਚ ਪਰਾਲੀ ਦੀ ਮਲਚਿੰਗ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬੇਰਾਂ ਵਿੱਚ ਅਕਤੂਬਰ ਦੇ ਅਖ਼ੀਰ ਵਿੱਚ 5 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਮਲਚਿੰਗ ਕੀਤੀ ਜਾ ਸਕਦੀ ਹੈ। ਇਸ ਤਕਨੀਕ ਰਾਹੀਂ 90 ਫ਼ੀਸਦ ਤੱਕ ਨਦੀਨਾਂ 'ਤੇ ਕਾਬੂ



ਪਾਇਆ ਜਾ ਸਕਦਾ ਹੈ। ਫ਼ਲਾਂ ਦੇ ਆਕਾਰ, ਝਾੜ ਅਤੇ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ।

**ਲਸਣ :** ਲਸਣ ਸਰਦ ਮੌਸਮ ਦੀ ਫ਼ਸਲ ਹੈ। ਲਸਣ ਦੀ ਪੈਦਾਵਾਰ ਵਿੱਚ ਵਧੇ ਅਤੇ ਮੋਟੇ ਗੰਢੇ ਲੈਣ ਲਈ ਨਦੀਨਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ 25 ਕੁਇੰਟਲ ਪ੍ਰਤੀ ਏਕੜ ਲਸਣ ਉੱਗਣ ਤੋਂ ਬਾਅਦ ਫ਼ਸਲ ਵਿੱਚ ਵਿਛਾ ਦਿਓ।

**ਆਲੂ :** ਆਲੂ ਦੀ ਚੰਗੀ ਪੈਦਾਵਾਰ ਲਈ ਅਤਿ ਜ਼ਰੂਰੀ ਹੈ ਕਿ ਸ਼ੁਰੂਆਤੀ ਦੌਰ ਵਿੱਚ ਨਦੀਨਾਂ ਦੀ ਰੋਕਥਾਮ ਨੂੰ ਯਕੀਨੀ ਬਣਾਇਆ ਜਾਵੇ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਤੁਰੰਤ ਬਾਅਦ ਖੇਤ ਵਿੱਚ 25 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਹਲਦੀ :** ਇਸ ਫ਼ਸਲ ਦੇ ਵੱਧਣ ਫੁੱਲਣ ਲਈ ਗਰਮ ਤੇ ਸਿੱਲ੍ਹੇ ਮਾਹੌਲ ਦੀ ਲੋੜ ਹੈ। ਹਲਦੀ ਨੂੰ ਹਰੇ ਹੋਣ ਲਈ ਕਾਫ਼ੀ ਸਮਾਂ ਚਾਹੀਦਾ ਹੈ ਅਤੇ ਖੇਤ ਨੂੰ ਲਗਾਤਾਰ ਪਾਣੀ ਦੀ ਲੋੜ ਪੈਂਦੀ ਹੈ। ਇਸ ਲਈ ਬਿਜਾਈ ਤੋਂ ਪਿੱਛੋਂ 36 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਨੂੰ ਸਾਰੇ ਖੇਤ ਵਿੱਚ ਇਕਸਾਰ ਖਿਲਾਰਨ ਨਾਲ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਗੰਢੀਆਂ ਦੇ ਆਕਾਰ ਵਿੱਚ ਵੀ ਵਾਧਾ ਹੁੰਦਾ ਹੈ।

**ਅਦਰਕ :** ਅਦਰਕ ਦੀ ਫ਼ਸਲ ਦੇ ਵਧੀਆ ਜਮਾਅ ਅਤੇ ਇਸ ਤੋਂ ਵਧੀਆ ਝਾੜ ਲੈਣ ਲਈ ਬਿਜਾਈ ਤੋਂ ਬਾਅਦ ਇਸ ਨੂੰ 40 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਨਾਲ ਢਕਣ ਨਾਲ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਵਧੀਆ ਝਾੜ ਵੀ ਮਿਲਦਾ ਹੈ।

# ਪੰਜਾਬ ਦੀ ਨੌਜਵਾਨ ਪੀੜ੍ਹੀ ਵਿੱਚ ਘੋੜੇ ਰੱਖਣ ਦਾ ਸ਼ੌਕ ਰੱਖਿਆ

## ਪੰਜਾਬੀਆਂ ਲਈ ਸ਼ੌਕ ਦੇ ਨਾਲ 'ਸਟੇਟਸ ਸਿੰਬਲ' ਵੀ ਬਣਨ ਲੱਗੇ ਘੋੜੇ

ਪੰਜਾਬ ਦੀ ਨੌਜਵਾਨ ਪੀੜ੍ਹੀ ਵਿੱਚ ਘੋੜੇ ਰੱਖਣ ਦਾ ਸ਼ੌਕ ਪਿਛਲੇ ਕੁਝ ਸਾਲਾਂ ਵਿੱਚ ਕਾਫ਼ੀ ਵਧਿਆ ਹੈ। ਇਹ ਰੁਝਾਨ ਸਿਰਫ ਸੋਸ਼ਲ ਮੀਡੀਆ ਦੀ ਦਿਖਾਵਟ ਤੱਕ ਸੀਮਤ ਨਹੀਂ ਰਿਹਾ, ਸਗੋਂ ਮੈਦਾਨੀ ਹਾਲਾਤ ਅਤੇ ਅਧਿਕਾਰਤ ਅੰਕੜੇ ਵੀ ਇਹ ਗੱਲ ਸਾਬਤ ਕਰ ਰਹੇ ਹਨ ਕਿ ਘੋੜੇ ਅੱਜ ਨੌਜਵਾਨਾਂ ਲਈ ਰੌਅਬ, ਰੰਗਤ ਅਤੇ ਮਾਣ ਦਾ ਨਵਾਂ ਨਿਸ਼ਾਨਾ ਬਣ ਗਏ ਹਨ। ਨਵੀਂ ਪੀੜ੍ਹੀ ਦੀ ਸੋਚ ਤੇ ਜੀਵਨ-ਢੰਗ ਵਿੱਚ ਆਏ ਬਦਲਾਅ ਨੇ ਪੁਰਾਣੀ ਰਵਾਇਤ ਨੂੰ ਆਧੁਨਿਕ ਸ਼ੌਕ ਵਿੱਚ ਤਬਦੀਲ ਕਰ ਦਿੱਤਾ ਹੈ। ਸਮਾਜਿਕ ਮਾਹਿਰਾਂ ਦਾ ਕਹਿਣਾ ਹੈ ਕਿ ਘੋੜੇ ਰੱਖਣ ਦਾ ਇਹ ਸ਼ੌਕੀ ਰੁਝਾਨ ਸਿਰਫ ਆਰਥਿਕ ਸਮਰੱਥਾ ਦਾ ਪ੍ਰਗਟਾਵਾ ਨਹੀਂ, ਸਗੋਂ ਨਵੀਂ ਪੀੜ੍ਹੀ ਦੇ ਬਦਲਦੇ ਰੁਝਾਨ ਅਤੇ ਸੋਚ ਦੀ ਝਲਕ ਹੈ। ਵਿਆਹ ਸਮਾਰੋਹਾਂ ਵਿੱਚ ਘੋੜਿਆਂ ਦੀ ਚਮਕਦਾਰ ਪੇਸ਼ਕਾਰੀ, ਵੀਡੀਓ ਗਾਣਿਆਂ ਵਿੱਚ ਉਨ੍ਹਾਂ ਦੀ ਵਰਤੋਂ ਅਤੇ ਸੋਸ਼ਲ ਮੀਡੀਆ 'ਤੇ ਬੇਹਿਸਾਬ ਪ੍ਰਮੋਸ਼ਨ ਨੇ ਘੋੜਿਆਂ ਨੂੰ ਨੌਜਵਾਨਾਂ ਦੀ ਪਛਾਣ ਨਾਲ



ਜੋੜ ਦਿੱਤਾ ਹੈ। ਕਈ ਜਗ੍ਹਾ 'ਤੇ ਨਿੱਜੀ ਬਰੀਡਿੰਗ ਸਟੱਡ ਦਫਤਰ ਅਤੇ ਟਰੇਨਿੰਗ ਸਟੇਬਲਾਂ ਵੀ ਤੇਜ਼ੀ ਨਾਲ ਵਧੇ ਹਨ। ਕੇਂਦਰ ਸਰਕਾਰ ਦੇ 20ਵੇਂ ਪਸ਼ੂ ਗਿਣਤੀ ਸਰਵੇ (2019) ਮੁਤਾਬਿਕ, ਪੰਜਾਬ ਵਿੱਚ ਘੋੜ, ਪੋਨੀ ਅਤੇ ਖੱਚਰਾਂ ਦੀ ਕੁੱਲ ਗਿਣਤੀ 1,12,272 ਦਰਜ ਕੀਤੀ ਗਈ ਸੀ, ਜੋ 2012 ਦੇ ਮੁਕਾਬਲੇ 6.6 ਪ੍ਰਤੀਸ਼ਤ ਵੱਧ ਸੀ। ਇਹ ਅੰਕੜੇ ਦਰਸਾਉਂਦੇ ਹਨ ਕਿ ਘੋੜਾ-ਪਾਲਣ ਦੀ ਰਵਾਇਤ ਘਟੀ ਨਹੀਂ, ਸਗੋਂ ਮਜ਼ਬੂਤ ਹੋਈ ਹੈ। ਇਸ ਵੇਲੇ ਚੱਲ ਰਹੇ 21ਵੇਂ ਪਸ਼ੂ-ਗਿਣਤੀ ਸਰਵੇ (2024-25) ਦੇ ਮੁੱਢਲੇ ਰੁਝਾਨ ਵੀ ਇਹੋ ਜਿਹੀ ਤਸਵੀਰ ਪੇਸ਼ ਕਰਦੇ ਹਨ। ਜਲੰਧਰ, ਬਠਿੰਡਾ, ਪਟਿਆਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਘੋੜਿਆਂ ਦੀ ਰਜਿਸਟ੍ਰੇਸ਼ਨ ਪਿਛਲੇ ਸਾਲਾਂ ਨਾਲੋਂ ਵੱਧ ਦਰਜ ਕੀਤੀ ਜਾ ਰਹੀ ਹੈ। ਮਰਵਾੜੀ, ਅਰਬੀ ਅਤੇ ਸਿੰਧੀ ਵਰਗੀਆਂ ਨਸਲਾਂ ਦੀ ਮੰਗ ਸਭ ਤੋਂ ਵੱਧ ਹੈ। ਬਾਜ਼ਾਰ ਵਿੱਚ ਇਹ ਘੋੜੇ 3 ਲੱਖ ਤੋਂ 25 ਲੱਖ ਰੁਪਏ ਤੱਕ ਵਿਕ ਰਹੇ ਹਨ, ਜਦਕਿ 'ਸ਼ਿਅ-ਕੁਆਲਿਟੀ' ਘੋੜਿਆਂ ਦੀ ਕੀਮਤ ਇਸ ਤੋਂ ਵੀ ਵੱਧ ਦੱਸੀ ਜਾ ਰਹੀ ਹੈ। ਅਧਿਕਾਰਤ ਅੰਕੜਿਆਂ ਅਨੁਸਾਰ ਬਰੀਡਿੰਗ ਫਾਰਮਾਂ ਅਤੇ ਸਟੱਡ ਸੈਂਟਰਾਂ ਦੀ ਗਿਣਤੀ ਵੀ ਪਿਛਲੇ ਪੰਜ ਸਾਲਾਂ ਵਿੱਚ ਤੇਜ਼ੀ ਨਾਲ ਵਧੀ ਹੈ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਫ਼ਸਲੀ ਵਿਭਿੰਨਤਾ ਜ਼ਰੂਰੀ

ਮੁਲਕ ਵਿੱਚ ਪੰਜਾਬ ਦੇ ਕਿਸਾਨ ਬੜੇ ਖੁਸ਼ਹਾਲ ਮੰਨੇ ਜਾਂਦੇ ਹਨ, ਪਰ ਹੁਣ ਉਹ ਫ਼ਸਲਾਂ ਦੀ ਉਤਪਾਦਕਤਾ ਵੱਧਣ ਦੇ ਬਾਵਜੂਦ ਸਭ ਸੂਬਿਆਂ ਦੇ ਕਿਸਾਨਾਂ ਨਾਲੋਂ ਵੱਧ ਕਰਜ਼ਾਈ ਹੋ ਗਏ ਹਨ। 'ਜੁਆਇੰਟ ਫੈਮਲੀ ਸਿਸਟਮ' ਟੁੱਟਣ ਕਾਰਨ ਪੀੜ੍ਹੀ ਦਰ ਪੀੜ੍ਹੀ ਖੇਤ (ਹਿੱਸੇ ਆਉਂਦੀ ਪੈਲੀ) ਛੋਟੇ ਹੋਣ ਨਾਲ ਉਨ੍ਹਾਂ ਦਾ ਗੁਜ਼ਾਰਾ ਮੁਸ਼ਕਿਲ ਹੋ ਗਿਆ ਹੈ। ਪੰਜਾਬ ਦੇ ਕੁੱਲ ਭੂਗੋਲਿਕ ਰਕਬੇ ਵਿੱਚੋਂ ਤਕਰੀਬਨ 41-42 ਲੱਖ ਹੈਕਟੇਅਰ ਰਕਬਾ ਬਿਜਾਈ ਅਧੀਨ ਹੈ, ਜਿਸ ਦੇ ਵੱਧਣ ਦੀ ਕੋਈ ਉਮੀਦ ਨਹੀਂ ਹੈ। ਕਿਸਾਨ ਆਪਣੇ ਹੱਥੀਂ ਕੰਮ ਕਰਨਾ ਛੱਡ ਗਏ ਤੇ ਉਨ੍ਹਾਂ ਦੇ ਬੱਚੇ ਸ਼ਹਿਰਾਂ ਵਿੱਚ ਕੋਈ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵੱਲ ਭੱਜ ਰਹੇ ਹਨ। ਕਿਸਾਨਾਂ ਨੂੰ ਜਿਣਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਨਹੀਂ ਮਿਲ ਰਹੀਆਂ ਤੇ ਖੇਤੀ ਖਰਚੇ ਵੱਧ ਰਹੇ ਹਨ। ਪਿਛਲੇ 30-35 ਸਾਲ ਤੋਂ ਝੋਨੇ-ਕਣਕ ਦਾ ਫ਼ਸਲੀ-ਚੱਕਰ ਪ੍ਰਧਾਨ ਹੈ। ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾ ਕੇ ਫ਼ਸਲੀ ਵਿਭਿੰਨਤਾ ਲਿਆਉਣ ਦੇ ਉਪਰਾਲੇ ਸਫ਼ਲ ਨਹੀਂ ਹੋ ਸਕੇ। ਝੋਨੇ ਦੀ ਕਾਸ਼ਤ ਥੱਲੇ ਰਕਬਾ 32 ਲੱਖ ਹੈਕਟੇਅਰ ਤੱਕ ਪੁੱਜ ਗਿਆ ਅਤੇ ਝੋਨੇ ਨੂੰ ਪਾਣੀ ਦੀ ਲੋੜ ਜ਼ਿਆਦਾ ਹੋਣ ਕਾਰਨ ਕਿਸਾਨਾਂ ਦਾ ਸਬਮਰਸੀਬਲ ਪੰਪ ਲਗਾ ਕੇ ਸਿੰਜਾਈ ਕਰਨ ਨਾਲ ਖਰਚਾ ਵੱਧ ਗਿਆ। ਖੇਤੀ ਮਸ਼ੀਨਰੀ ਪ੍ਰਧਾਨ ਹੋ ਗਈ ਹੈ, ਵੱਡੀਆਂ ਮਸ਼ੀਨਾਂ 'ਤੇ ਸਬਸਿਡੀਆਂ ਮਿਲਣ ਕਰਕੇ ਬਹੁਤੇ ਕਿਸਾਨ ਲੋੜ ਨਾ ਹੋਣ 'ਤੇ ਵੀ ਉਨ੍ਹਾਂ ਨੂੰ ਖਰੀਦ ਰਹੇ ਹਨ। ਪੰਜਾਬ ਵਿੱਚ 5 ਲੱਖ ਦੇ ਕਰੀਬ ਟਰੈਕਟਰ ਹਨ, ਜੋ ਸਾਲਾਨਾ ਔਸਤਨ 250-300 ਘੰਟੇ ਹੀ ਚੱਲਦੇ ਹਨ। ਜੇਕਰ ਟਰੈਕਟਰ 1000 ਤੋਂ 1200 ਘੰਟੇ ਖੇਤ ਵਿੱਚ ਨਾ ਚੱਲੇ ਤਾਂ ਇਹ ਕਿਸਾਨ ਲਈ ਲਾਭਦਾਇਕ ਨਹੀਂ। ਖੇਤੀ ਸਾਧਨਾਂ ਦੀ ਸਹੀ ਵਰਤੋਂ ਨਹੀਂ ਹੋ ਰਹੀ।

ਕਿਸਾਨ ਖਾਦ, ਬੀਜ ਆਦਿ ਜ਼ਿਆਦਾਤਰ ਦੁਕਾਨਦਾਰਾਂ, ਆੜ੍ਹਤੀਆਂ ਤੇ ਵਪਾਰੀਆਂ ਤੋਂ ਖਰੀਦਦੇ ਹਨ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਹੀ ਖੇਤੀ ਕਰਦੇ ਹਨ। ਇਹ ਲੋਕ ਕਿਸਾਨਾਂ ਨੂੰ ਖੇਤੀ ਵਿਗਿਆਨੀਆਂ ਤੇ ਮਾਹਿਰਾਂ ਦੇ ਸੰਪਰਕ ਤੋਂ ਵਾਂਝਾ ਰੱਖਦੇ ਹਨ, ਜਿਵੇਂ ਪੀ. ਏ. ਯੂ. ਦੇ ਮਾਹਿਰਾਂ ਵਲੋਂ ਕਣਕ ਵਿੱਚ ਯੂਰੀਆ 110 ਕਿਲੋ ਅਤੇ ਡੀ ਏ ਪੀ 55 ਕਿਲੋ ਪ੍ਰਤੀ ਏਕੜ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਪ੍ਰੰਤੂ ਕਿਸਾਨ ਯੂਰੀਆ 180 ਕਿਲੋ ਅਤੇ ਡੀ ਏ ਪੀ 100 ਕਿਲੋ ਪ੍ਰਤੀ ਏਕੜ ਤੱਕ ਪਾਈ ਜਾ ਰਹੇ ਹਨ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ ਅਤੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦੇ ਹਮਲੇ ਵੱਧ ਰਹੇ ਹਨ। ਕਿਸਾਨਾਂ ਦਾ ਕੀਟਨਾਸ਼ਕਾਂ ਤੇ ਸਪਰੇਆਂ 'ਤੇ ਖਰਚ ਵੱਧਣ ਲੱਗਾ ਹੈ। ਭਾਵੇਂ ਯੂ ਪੀ ਐੱਲ ਵਰਗੀਆਂ ਨਾਮਵਰ ਕੰਪਨੀਆਂ ਨੇ ਵੱਖੋ-ਵੱਖ ਫ਼ਸਲਾਂ ਲਈ ਸਫ਼ਲ ਨਦੀਨ ਨਾਸ਼ਕ ਤੇ ਕੀਟਨਾਸ਼ਕ ਵਿਕਸਿਤ ਕੀਤੇ ਹਨ। ਇਸ ਸਾਲ ਹੜ੍ਹਾਂ ਤੇ ਮੌਸਮ ਅਨੁਕੂਲ ਨਾ ਰਹਿਣ ਕਾਰਨ ਝੋਨਾ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਤਾਂ ਕਿਸਾਨਾਂ ਦਾ ਖਰਚਾ ਹੋਰ ਵੱਧ ਗਿਆ। ਕਿਸਾਨਾਂ ਨੂੰ ਫ਼ਸਲੀ-ਵਿਭਿੰਨਤਾ ਲਿਆਉਣ ਲਈ ਯੋਗ ਫ਼ਸਲਾਂ ਦੀਆਂ ਕਿਸਮਾਂ ਉਪਲਬਧ ਨਹੀਂ ਹੋ ਰਹੀਆਂ, ਜੋ ਖ਼ਰੀਫ਼ ਦੇ ਮੌਸਮ ਵਿੱਚ ਝੋਨੇ ਜਿੰਨਾ ਮੁਨਾਫ਼ਾ ਦੇ ਸਕਣ। ਖੇਤੀ ਦਾ ਵਿਕਾਸ ਕਿਸਾਨਾਂ ਦੀ



ਭਗਵਾਨ ਦਾਸ

ਖੁਸ਼ਹਾਲੀ ਲਈ ਬੜਾ ਮਹੱਤਵਪੂਰਨ ਹੈ ਕਿਉਂਕਿ ਪੰਜਾਬ ਵਿੱਚ 55 ਫ਼ੀਸਦੀ ਲੋਕ ਖੇਤੀ ਧੰਦੇ 'ਤੇ ਨਿਰਭਰ ਹਨ। ਖੇਤੀ 'ਤੇ ਸੂਬੇ ਦੀ ਆਰਥਿਕਤਾ ਨਿਰਭਰ ਹੈ। ਕਿਸਾਨਾਂ ਦੀ ਆਮਦਨ ਵਧਾਉਣ ਲਈ ਫ਼ਸਲੀ-ਵਿਭਿੰਨਤਾ ਜ਼ਰੂਰੀ ਹੈ। ਇਸ ਲਈ ਫ਼ਲਾਂ ਤੇ ਸਬਜ਼ੀਆਂ ਦੀ ਕਾਸ਼ਤ ਦਾ ਵਿਸ਼ੇਸ਼ ਰੋਲ ਹੈ, ਫ਼ਲਾਂ ਦੀ ਕਾਸ਼ਤ ਹੇਠ 98,000 ਹੈਕਟੇਅਰ ਤੋਂ ਵੱਧ ਰਕਬਾ ਹੈ ਜੋ ਕੁੱਲ ਫ਼ਸਲੀ ਰਕਬੇ ਦਾ ਸਿਰਫ਼ 2 ਫ਼ੀਸਦੀ ਹੈ। ਮਾਹਿਰਾਂ ਅਨੁਸਾਰ ਇਸ ਨੂੰ ਤਿਗੁਣਾ ਕਰਨ ਦੀ ਲੋੜ ਹੈ। ਫ਼ਲਾਂ ਦੀ ਕਾਸ਼ਤ ਹੇਠ ਕੁੱਲ ਰਕਬੇ ਵਿੱਚੋਂ 48 ਫ਼ੀਸਦੀ 'ਤੇ ਕਿੰਨੂ ਦੀ ਫ਼ਸਲ ਹੈ, ਜਿਸ ਦੀ ਕੀਮਤ ਵਿੱਚ ਉਤਰਾਅ-ਚੜ੍ਹਾਅ ਆਉਣ ਨਾਲ ਉਤਪਾਦਕਾਂ ਦੀ ਮਾਲੀ ਹਾਲਤ ਪ੍ਰਭਾਵਿਤ ਹੁੰਦੀ ਹੈ। ਪੂਸਾ ਵਲੋਂ ਆਮਰਪਾਲੀ, ਮਲਿਕਾ ਤੋਂ ਇਲਾਵਾ ਵੱਖ-ਵੱਖ ਰੂਪ ਵਾਲੀਆਂ ਅੰਬਾਂ ਦੀਆਂ ਹਾਈਬ੍ਰਿਡ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਕਿਸਾਨ ਲਗਾ ਕੇ ਅਮਰੂਦਾਂ ਵਾਂਗ ਫਾਇਦਾ ਉਠਾ ਸਕਦਾ ਹੈ।



ਸੂਬੇ ਵਿੱਚ ਸਬਜ਼ੀਆਂ ਦੀ ਕਾਸ਼ਤ ਹੇਠਾਂ ਕਰਬਾ ਵਧਾਉਣ ਦੀ ਬਹੁਤ ਸੰਭਾਵਨਾ ਹੈ। ਕਿਸਾਨ ਗ੍ਰੀਨ ਹਾਊਸ ਤੇ ਹੋਰ ਬਿਜਾਈ ਦੀਆਂ ਤਕਨੀਕਾਂ ਅਪਣਾ ਕੇ ਸਬਜ਼ੀਆਂ ਨੂੰ ਸਾਰਾ ਸਾਲ ਮੌਸਮ ਅਨੁਸਾਰ ਉਗਾ ਸਕਦੇ ਹਨ। ਕਿਸਾਨ ਤਕਨਾਲੋਜੀ ਦੀ ਵਰਤੋਂ ਨਾਲ ਅਗੇਤੀ ਪਛੇਤੀ ਬਿਜਾਈ ਕਰਕੇ ਵੀ ਆਮਦਨ ਵਧਾ ਸਕਦੇ ਹਨ। ਆਈ ਸੀ ਏ ਆਰ - ਭਾਰਤੀ ਖੇਤੀ ਖੋਜ ਸੰਸਥਾਨ (ਪੂਸਾ) ਵਲੋਂ ਵਿਕਸਿਤ 'ਪੂਸਾ ਵਰਿਸ਼ਤੀ', ਗਾਜਰ 95 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਜਿਸ ਦੀ ਕਾਸ਼ਤ ਉਤਪਾਦਕਾਂ ਲਈ ਲਾਹੇਵੰਦ ਹੈ। ਪੀ ਏ ਯੂ ਵੱਲੋਂ ਵਿਕਸਿਤ ਕੀਤੀ 'ਪੰਜਾਬ ਬਲੈਕ ਬਿਊਟੀ' ਕਾਲੀ ਗਾਜਰ ਦੀ ਕਿਸਮ ਵੱਧ ਝਾੜ ਦੇਣ ਤੋਂ ਇਲਾਵਾ ਕੈਂਸਰ ਦਾ ਮੁਕਾਬਲਾ ਕਰਨ ਦੀ ਸ਼ਕਤੀ ਰੱਖਦੀ ਹੈ, ਜੋ 110 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ। ਪੂਸਾ ਸੰਸਥਾਨ ਦੀ 'ਆਸਿਤੀ' ਕਿਸਮ ਵੀ ਕਾਲੇ ਰੰਗ ਦੀ ਹੀ ਗਾਜਰ ਹੈ, ਜਿਸ ਦੀ ਉਤਪਾਦਕਤਾ 250 ਕੁਇੰਟਲ ਦੇ ਕਰੀਬ ਹੈ। ਅੱਜਕੱਲ੍ਹ ਇਸ ਦੀ ਪੁਟਾਈ ਹੋਣ ਵਾਲੀ ਹੈ, ਜਿੱਥੇ ਅਗਲੇ ਮਹੀਨੇ ਪਿਆਜ਼ ਦੀ ਬਿਜਾਈ ਹੋ ਸਕਦੀ ਹੈ। ਪਿਆਜ਼ ਦੀ ਪਨੀਰੀ 6 ਹਫ਼ਤੇ ਦੀ ਹੋਣੀ ਚਾਹੀਦੀ ਹੈ। ਸ਼ਿਮਲਾ ਮਿਰਚ, ਟਮਾਟਰ ਤੇ ਖੀਰਾ ਵੱਖੋ-ਵੱਖ ਤਕਨੀਕਾਂ ਰਾਹੀਂ, ਮੌਸਮੀ ਤੇ ਬੇਮੌਸਮੀ, ਦੋਵੇਂ ਹੀ ਉਗਾਏ ਜਾ ਸਕਦੇ ਹਨ। ਸਬਜ਼ੀਆਂ ਦੀ ਬੇਮੌਸਮੀ ਪਨੀਰੀ ਤਿਆਰ ਕਰਕੇ ਵੀ ਆਮਦਨ ਵਧਾਈ ਜਾ ਸਕਦੀ ਹੈ। ਮੂਲੀ ਦੀਆਂ ਸਾਰਾ ਸਾਲ ਹੋਣ ਵਾਲੀਆਂ ਵੱਖੋ-ਵੱਖ ਕਿਸਮਾਂ ਉਪਲਬਧ ਹਨ। ਪੀ ਏ ਯੂ ਅਤੇ ਪੂਸਾ ਤੋਂ ਜਾਣਕਾਰੀ ਲੈ ਕੇ ਕਿਸਾਨ ਸਬਜ਼ੀਆਂ ਦੀ ਕਾਸ਼ਤ ਸਾਰਾ ਸਾਲ ਕਰ ਸਕਦੇ ਹਨ। ਪੂਸਾ ਚੈਰੀ ਟਮਾਟਰ ਗ੍ਰੀਨ ਹਾਊਸ ਵਾਤਾਵਰਨ ਤੇ ਸੁਰੱਖਿਅਤ ਬਿਜਾਈ ਲਈ ਅਨੁਕੂਲ ਕਿਸਮ ਹੈ। ਇਸ ਦੇ ਟਮਾਟਰ ਲਵਾਈ ਤੋਂ ਬਾਅਦ 70-75 ਦਿਨਾਂ ਵਿੱਚ ਤਿਆਰ ਹੋ ਜਾਂਦੇ ਹਨ ਅਤੇ ਇਸ ਦਾ ਫ਼ਲ 9 ਤੋਂ 10 ਮਹੀਨੇ ਤੱਕ ਲਿਆ ਜਾ ਸਕਦਾ ਹੈ। ਝਾੜ 10 ਟਨ ਪ੍ਰਤੀ ਵਰਗ 1000 ਮੀ. ਹੈ। ਖਪਤਕਾਰਾਂ ਦੀ ਮਨਭਾਉਂਦੀ ਗਹਿਰੇ ਹਰੇ ਰੰਗ ਦੀ ਸੀਡਲੈੱਸ ਪੂਸਾ ਖੀਰਾ-6 ਕਿਸਮ ਅਗੇਤੀ ਲਗਾਈ ਜਾ ਸਕਦੀ ਹੈ। ਇਸ ਤੋਂ ਨਵੰਬਰ ਤੋਂ ਲੈ ਕੇ ਮਾਰਚ ਤੱਕ ਫ਼ਲ ਮਿਲਦਾ ਹੈ। ਜਦੋਂ ਕਿ ਠੰਢ ਕਾਰਨ ਮੰਡੀ ਵਿੱਚ ਖੀਰੇ ਦੀ ਆਮਦ ਨਹੀਂ ਹੁੰਦੀ। ਪੂਸਾ ਮ੍ਰਿਦੁਲਾ ਛੋਟੇ ਆਕਾਰ ਵਾਲੀ ਅਤੇ ਲਾਲ ਰੰਗ ਵਾਲੀ ਮੂਲੀ ਦੀ ਕਿਸਮ ਹੈ ਜਿਸ ਨੂੰ ਉਗਾ ਕੇ ਕਾਸ਼ਤਕਾਰ ਆਪਣੀ ਆਮਦਨ ਵਧਾ ਸਕਦੇ ਹਨ। ਮੂਲੀ ਅੱਜਕੱਲ੍ਹ ਹਰ ਮੌਸਮ ਵਿੱਚ ਸਾਰਾ ਸਾਲ ਲਗਾਈ ਜਾ ਸਕਦੀ ਹੈ। ਇਸ ਦੀ ਇੱਕ ਹੋਰ ਲਾਭਦਾਇਕ ਕਿਸਮ ਪੂਸਾ ਚੇਤਕੀ ਹੈ ਜਿਸ ਤੋਂ ਕਿਸਾਨ ਲਾਭ ਉਠਾ ਸਕਦੇ ਹਨ। ਪੂਸਾ ਰਸਦਾਰ ਕਰੇਲੇ ਨੂੰ ਵੀ ਕਿਸਾਨ ਆਪਣੀ ਆਮਦਨ ਦਾ ਸਾਧਨ ਬਣਾ ਸਕਦੇ ਹਨ। ਇਸ ਦਾ ਫ਼ਲ ਸਾਰਾ ਸਾਲ ਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੂਸਾ ਦੀਆਂ ਭਿੰਡੀ, ਬੰਦ ਗੋਭੀ, ਪਾਲਕ, ਧਨੀਆ, ਮਿਰਚ, ਫੁੱਲ ਗੋਭੀ ਤੇ ਪੇਠੇ ਦੀਆਂ ਕਿਸਮਾਂ ਹਨ, ਜੋ ਕਾਸ਼ਤਕਾਰਾਂ ਲਈ ਲਾਹੇਵੰਦ ਹਨ। ਸਬਜ਼ੀਆਂ ਦੀ ਕਾਸ਼ਤ ਕਰਕੇ ਹਰ ਸ਼੍ਰੇਣੀ ਦੇ ਕਿਸਾਨ ਫਾਇਦਾ ਉਠਾ ਸਕਦੇ ਹਨ। ਉਤਪਾਦਕਾਂ ਨੂੰ ਇਹ ਧਿਆਨ ਵਿੱਚ ਰੱਖਣਾ ਪਵੇਗਾ ਕਿ ਸਬਜ਼ੀਆਂ ਲਈ ਕੋਰਾ ਬੜਾ ਮਾਰੂ ਹੈ। ਸੁਰੰਗਾਂ ਵਿੱਚ ਕਾਸ਼ਤ ਕਰਕੇ ਜਾਂ ਸਿੰਚਾਈ ਨਾਲ ਸਬਜ਼ੀਆਂ ਨੂੰ ਕੋਰੇ ਤੋਂ ਬਚਾਇਆ ਜਾ ਸਕਦਾ ਹੈ। ਕਿਸਾਨਾਂ ਲਈ ਪੌਲੀ ਹਾਊਸ ਦੀ ਤਕਨੀਕ ਵੀ ਲਾਹੇਵੰਦ ਹੈ।

# ਆਲੂ ਅਤੇ ਟਮਾਟਰ ਵਿੱਚ ਅਗੇਤਾ ਝੁਲਸ ਰੋਗ : ਨੁਕਸਾਨ ਅਤੇ ਬਚਾਅ

ਪੰਜਾਬ ਵਿੱਚ ਆਲੂ ਅਤੇ ਟਮਾਟਰ ਦੋਵੇਂ ਹੀ ਮਹੱਤਵਪੂਰਨ ਨਕਦੀ ਫਸਲਾਂ ਹਨ। ਇਨ੍ਹਾਂ ਦੋਹਾਂ ਫਸਲਾਂ ਵਿੱਚ ਅਗੇਤਾ ਝੁਲਸ ਰੋਗ ਇੱਕ ਆਮ ਪਰ ਅਕਸਰ ਅਣਡਿੱਠੀ ਰਹਿ ਜਾਣ ਵਾਲੀ ਬਿਮਾਰੀ ਹੈ, ਜੋ ਪੱਤਿਆਂ ਦੀ ਹਰੀ ਸਤ੍ਹਾ ਨੂੰ ਘਟਾ ਕੇ ਪੈਦਾਵਾਰ ਅਤੇ ਗੁਣਵੱਤਾ ਦੋਹਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਅਗੇਤਾ ਝੁਲਸ ਰੋਗ ਹਲਕੀਆਂ ਜ਼ਮੀਨਾਂ ਵਿੱਚ ਵਧੇਰੇ ਨੁਕਸਾਨ ਕਰਦਾ ਹੈ। ਇਹ ਰੋਗ ਉੱਲੀ ਕਰਕੇ ਹੁੰਦਾ ਹੈ। ਜੇਕਰ ਸਹੀ ਢੰਗ ਨਾਲ ਇਸ ਰੋਗ ਦਾ ਪ੍ਰਬੰਧਨ ਨਾ ਕੀਤਾ ਜਾਵੇ ਤਾਂ ਸਿਰਫ਼ ਝਾੜ ਤੇ ਹੀ ਨਹੀਂ ਸਗੋਂ ਆਲੂਆਂ ਦੀ ਗੁਣਵੱਤਾ ਉੱਪਰ ਵੀ ਮਾੜਾ ਅਸਰ ਪੈਂਦਾ ਹੈ। ਪੰਜਾਬ ਦੀਆਂ ਮੌਸਮੀ ਹਾਲਤਾਂ, ਜਿਵੇਂ ਨਿੱਘੇ ਦਿਨ, ਨਮੀ ਵਾਲੀਆਂ ਰਾਤਾਂ, ਤ੍ਰੇਲ, ਧੁੰਦ, ਪੱਤਿਆਂ ਦਾ ਲੰਮੇ ਸਮੇਂ ਤੱਕ ਗਿੱਲਾ ਰਹਿਣਾ ਅਤੇ ਸੰਘਣੀ ਫਸਲ ਅਗੇਤੇ ਝੁਲਸ ਰੋਗ ਦੇ ਫੈਲਾਅ ਲਈ ਬਹੁਤ ਅਨੁਕੂਲ ਹਨ।

**ਲੱਛਣ**

ਆਲੂ ਵਿੱਚ ਅਗੇਤੇ ਝੁਲਸ ਰੋਗ ਦੇ ਲੱਛਣ ਆਮ ਤੌਰ 'ਤੇ ਹੇਠਲੇ, ਪੁਰਾਣੇ ਪੱਤਿਆਂ ਤੋਂ ਸ਼ੁਰੂ ਹੁੰਦੇ ਹਨ। ਪੱਤਿਆਂ 'ਤੇ ਛੋਟੇ ਤੋਂ ਦਰਮਿਆਨੇ ਆਕਾਰ ਦੇ ਭੂਰੇ ਜਾਂ ਕਾਲੇ ਦਾਗ ਬਣਦੇ ਹਨ, ਜਿਨ੍ਹਾਂ ਵਿੱਚ ਗੋਲ-ਗੋਲ ਛੱਲੇ ਹੁੰਦੇ ਹਨ। ਇਹ ਲੱਛਣ ਅਗੇਤਾ ਝੁਲਸ ਰੋਗ ਦੀ ਸਭ ਤੋਂ ਵੱਡੀ ਪਹਿਚਾਣ ਹੈ। ਕਈ ਵਾਰ ਤਣਿਆਂ 'ਤੇ ਵੀ ਲੰਮੇ, ਭੂਰੇ-ਕਾਲੇ ਦਾਗ ਨਜ਼ਰ ਆ ਸਕਦੇ ਹਨ, ਜੋ ਪੌਦੇ ਨੂੰ ਹੋਰ ਕਮਜ਼ੋਰ ਕਰ ਦਿੰਦੇ ਹਨ। ਟਮਾਟਰ ਵਿੱਚ ਵੀ ਅਗੇਤੇ ਝੁਲਸ ਰੋਗ ਦੇ ਲੱਛਣ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ 'ਤੇ ਦਿਖਾਈ ਦਿੰਦੇ ਹਨ। ਪੱਤਿਆਂ 'ਤੇ ਗੋਲ ਦਾਗ ਬਣਦੇ ਹਨ, ਜਿਨ੍ਹਾਂ ਵਿੱਚ ਸਪਸ਼ਟ ਛੱਲੇ ਹੁੰਦੇ ਹਨ। ਦਾਗਾਂ ਦੇ ਆਲੇ-ਦੁਆਲੇ ਪੱਤਾ ਪੀਲਾ ਪੈ ਜਾਂਦਾ ਹੈ ਅਤੇ ਬਿਮਾਰੀ ਵੱਧਣ ਨਾਲ ਪੱਤੇ ਸੁੱਕ ਕੇ ਝੜ ਜਾਂਦੇ ਹਨ। ਇਸ ਹਾਲਤ ਵਿੱਚ ਫਲ ਸਿੱਧੀ ਧੁੱਪ ਦੇ ਸੰਪਰਕ ਵਿੱਚ ਆ ਜਾਂਦੇ ਹਨ ਅਤੇ ਅਕਸਰ ਧੁੱਪ ਨਾਲ ਝੁਲਸਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਕੁੱਝ ਮਾਮਲਿਆਂ ਵਿੱਚ ਫਲ ਦੇ ਡੰਡੀ ਕੋਲ ਵੀ ਕਾਲੇ, ਧੱਸੇ ਹੋਏ ਦਾਗ ਦਿਖਾਈ ਦੇ ਸਕਦੇ ਹਨ, ਜੋ ਫਲ ਦੀ ਗੁਣਵੱਤਾ ਨੂੰ ਘਟਾ ਦਿੰਦੇ ਹਨ।



**ਬਚਾਅ ਅਤੇ ਸਾਵਧਾਨੀਆਂ**

ਅਗੇਤੇ ਝੁਲਸ ਰੋਗ ਦਾ ਪ੍ਰਭਾਵਸ਼ਾਲੀ ਬਚਾਅ ਸਰਬਪੱਖੀ ਰੋਗ ਪ੍ਰਬੰਧਨ ਰਾਹੀਂ ਹੀ ਸੰਭਵ ਹੈ। ਇਸ ਲਈ ਸਭ ਤੋਂ ਪਹਿਲਾਂ ਖੇਤ ਵਿੱਚੋਂ ਪਿਛਲੀ ਫਸਲ ਦੇ ਰਹਿੰਦ-ਖੂੰਹਦ ਹਟਾਉਣਾ ਅਤੇ ਆਪਣੇ-ਆਪ ਉੱਗੇ ਪੌਦਿਆਂ ਨੂੰ ਨਸ਼ਟ ਕਰਨਾ ਬਹੁਤ ਜ਼ਰੂਰੀ ਹੈ। ਇਸਦੇ ਨਾਲ-ਨਾਲ ਸੰਤੁਲਿਤ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਨਾਈਟ੍ਰੋਜਨ ਦੀ ਜ਼ਿਆਦਾ ਮਾਤਰਾ ਜਾਂ ਘਾਟ ਦੋਨੋਂ ਹੀ ਬਿਮਾਰੀ ਨੂੰ ਵਧਾ ਸਕਦੇ ਹਨ। ਸਿੰਚਾਈ ਦਾ ਢੰਗ ਵੀ ਅਗੇਤੇ ਝੁਲਸ ਰੋਗ ਦੇ ਨਿਯੰਤਰਣ ਵਿੱਚ ਮਹੱਤਵਪੂਰਨ ਹੈ। ਕਿਸਾਨ ਵੀਰਾਂ ਨੂੰ ਇਹ ਹਦਾਇਤ ਦਿੱਤੀ ਜਾਂਦੀ ਹੈ ਕਿ ਫਸਲ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ। ਅਗੇਤਾ ਝੁਲਸ ਰੋਗ ਤੇਜ਼ੀ ਨਾਲ ਖੇਤਾਂ ਵਿੱਚ ਫੈਲਦਾ ਹੈ, ਇਸ ਕਰਕੇ ਸਹੀ ਸਮੇਂ ਸਿਰ ਉੱਲੀਨਾਸ਼ਕਾਂ ਦਾ ਛਿੜਕਾਅ ਝੁਲਸ ਰੋਗ ਦੀ ਰੋਕਥਾਮ ਲਈ ਬਹੁਤ ਕਾਰਗਰ ਸਾਬਿਤ ਹੁੰਦਾ ਹੈ। ਜਿਵੇਂ ਹੀ ਇਸ ਰੋਗ ਦੇ ਲੱਛਣ ਖੇਤ ਵਿੱਚ ਨਜ਼ਰ ਆਉਣ ਤਾਂ ਸਿਫ਼ਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਬਿਮਾਰੀ ਦੀ ਰੋਕਥਾਮ ਲਈ ਫਸਲ ਤੇ 600-700 ਗ੍ਰਾਮ ਇਡੋਫਿਲ ਐਮ-45 ਜਾਂ ਕਾਪਰ-ਆਕਸੀਕਲੋਰਾਈਡ 50 ਡਬਲਯੂ ਪੀ 750 ਤੋਂ 1000 ਗ੍ਰਾਮ ਪ੍ਰਤੀ ਏਕੜ ਛਿੜਕਾਅ 250-350 ਲਿਟਰ ਪਾਣੀ ਵਿੱਚ ਘੋਲ ਕੇ ਕਰੋ। ਸੱਤ ਦਿਨਾਂ ਦੇ ਵਕਫੇ ਤੇ ਫਿਰ ਦੁਹਰਾਓ। ਉੱਲੀਨਾਸ਼ਕਾਂ ਦੀ ਕਦੇ ਵੀ ਸਿਫ਼ਾਰਿਸ਼ ਨਾਲੋਂ ਘੱਟ ਜਾਂ ਵੱਧ ਮਿਕਦਾਰ ਨਹੀਂ ਵਰਤਣੀ ਚਾਹੀਦੀ। ਆਪਣੇ-ਆਪ ਬਣਾਏ ਗਏ ਟੈਂਕ ਮਿਕਚਰ ਨਹੀਂ ਵਰਤਣੇ ਚਾਹੀਦੇ। ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਉੱਲੀਨਾਸ਼ਕਾਂ ਦੀ ਮਿਕਦਾਰ ਘੱਟ ਜਾਂ ਵੱਧ ਹੋ ਸਕਦੀ ਹੈ।

**ਸੰਦੀਪ ਜੈਨ ਅਤੇ ਰੀਤੂ ਰਾਣੀ,**
**ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ**
**ਮੋਬਾਇਲ : 98723-22880**



ਸਮੀਰ ਮਲਹੋਤਰਾ

ਭਾਰਤ ਨੂੰ ਜਨਤਕ ਸਿਹਤ ਅਤੇ ਖੇਤੀਬਾੜੀ ਸਥਿਰਤਾ ਦੋਵਾਂ ਦੀ ਰੱਖਿਆ ਲਈ ਕੌਮਾਂਤਰੀ ਮਾਪਦੰਡਾਂ ਨਾਲ ਬਰ ਮੇਚਦੀ ਖੋਜ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਵਿਵਾਦਪੂਰਨ ਰਸਾਇਣਾਂ ਦੇ ਸੁਰੱਖਿਅਤ ਵਿਕਲਪਾਂ ਵਿਕਸਿਤ ਕੀਤੇ ਜਾ ਸਕਣ। ਦਰਅਸਲ, ਇਹ ਵਿਵਾਦ ਕਿਸੇ ਇੱਕ ਕੰਪਨੀ ਜਾਂ ਇੱਕ ਉਤਪਾਦ ਬਾਰੇ ਨਹੀਂ ਹੈ।

# ਆਲਮੀ ਰਸਾਇਣਕ ਵਿਵਾਦ ਅਤੇ ਭਾਰਤ

ਕੁੱਝ ਵਰ੍ਹੇ ਪਹਿਲਾਂ ਮੈਂ ਅਤੇ ਮੇਰੀ ਪਤਨੀ ਪਿੰਡ ਵਿੱਚ ਮੁਕਾਬਲਤਨ ਸ਼ਾਂਤ ਜ਼ਿੰਦਗੀ ਜਿਊਣ ਬਾਰੇ ਵਿਚਾਰ ਕਰ ਰਹੇ ਸੀ ਤਾਂ ਅਸੀਂ ਪੰਜਾਬ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ। ਦਹਾਕਿਆਂਬੱਧੀ ਜੇਠ ਹਾੜ੍ਹ ਦੀਆਂ ਧੁੱਪਾਂ ਹੰਢਾ ਚੁੱਕੇ ਇੱਕ ਬਜ਼ੁਰਗ ਨੇ ਉਦੋਂ ਅਜਿਹੀ ਗੱਲ ਆਖੀ ਜੋ ਮੇਰੇ ਜ਼ਿਹਨ ਵਿੱਚ ਰਹੀ ''ਅਸੀਂ ਬੋਤਲਬੰਦ ਚੀਜ਼ 'ਤੇ ਭਰੋਸਾ ਕਰਦੇ ਹਾਂ। ਜੇ ਸਰਕਾਰ ਇਸ ਦੀ ਇਜਾਜ਼ਤ ਦਿੰਦੀ ਹੈ ਤਾਂ ਇਹ ਅਸੁਰੱਖਿਅਤ ਕਿਵੇਂ ਹੋ ਸਕਦੀ ਹੈ?' ਉਸ ਦੇ ਸ਼ਬਦਾਂ ਵਿੱਚ ਮਹਿਜ਼ ਖੇਤੀਬਾੜੀ ਦਾ ਅਭਿਆਸ ਨਹੀਂ ਸੀ ਬੋਲ ਰਿਹਾ, ਸਗੋਂ ਉਨ੍ਹਾਂ ਸ਼ਬਦਾਂ ਨੇ ਰੈਗੂਲੇਟਰੀ ਪ੍ਰਣਾਲੀਆਂ ਅਤੇ ਵਿਗਿਆਨਕ ਅਥਾਰਿਟੀਆਂ 'ਤੇ ਲੋਕਾਂ ਦੇ ਡੂੰਘੇ ਵਿਸ਼ਵਾਸ ਨੂੰ ਵੀ ਦਰਸਾਇਆ ਸੀ। ਜਦੋਂ ਉਹੀ ਸੰਸਥਾਵਾਂ ਲਾਬਿੰਗ, ਸ਼ਕਤੀ ਜਾਂ ਸੌੜਾਂ ਹਿੱਤਾਂ ਵਾਲੀਆਂ ਧਿਰਾਂ ਵੱਲੋਂ ਆਪਣੇ ਮੰਤਵਾਂ ਲਈ ਸੋਧੇ ਗਏ ਵਿਗਿਆਨ ਦੁਆਰਾ ਪ੍ਰਭਾਵਿਤ ਹੁੰਦੀਆਂ ਹਨ ਤਾਂ ਕੀ ਹੁੰਦਾ ਹੈ?

ਇਸ ਸਥਿਤੀ ਦੀ ਕਲਪਨਾ ਕਰੋ: ਵਿਸ਼ਵ ਸਿਹਤ ਸੰਸਥਾ (WHO) ਵਿਆਪਕ ਤੌਰ 'ਤੇ ਵਰਤੇ ਜਾਣ ਵਾਲੇ ਇੱਕ ਖੇਤੀਬਾੜੀ ਰਸਾਇਣ ਨੂੰ 'ਮਨੁੱਖਾਂ ਅੰਦਰ ਕੈਂਸਰ ਦਾ ਕਾਰਨ ਬਣ ਸਕਦੈ' ਵਜੋਂ ਸੂਚੀਬੱਧ ਕਰਦੀ ਹੈ। ਅਧਿਐਨ ਦਰਸਾਉਂਦੇ ਹਨ ਕਿ ਇਹ ਜਾਨਵਰਾਂ ਨੂੰ ਕੈਂਸਰ ਹੋਣ ਦਾ ਕਾਰਨ ਬਣਦਾ ਹੈ ਅਤੇ ਮਨੁੱਖਾਂ ਨੂੰ ਕੈਂਸਰ ਹੋਣ ਨਾਲ ਵੀ ਜੁੜਿਆ ਹੋਇਆ ਹੈ। ਅਮਰੀਕੀ ਜਿਊਰੀਆਂ ਨੇ ਕੈਂਸਰ ਦੇ ਮਾਹਿਰਾਂ ਨੂੰ ਅਰਬਾਂ ਡਾਲਰ ਦਾ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ, ਜਿਨ੍ਹਾਂ ਨੂੰ ਖ਼ਤਰਨਾਕ ਰਸਾਇਣ ਦੇ ਪ੍ਰਭਾਵ ਕਾਰਨ ਕੈਂਸਰ ਹੋਇਆ ਸੀ। ਅੰਦਰੂਨੀ ਦਸਤਾਵੇਜ਼ਾਂ ਤੋਂ ਖੁਲਾਸਾ ਹੋਇਆ ਕਿ ਨਿਰਮਾਤਾ ਇਸ ਦੇ ਜੋਖ਼ਮਾਂ ਬਾਰੇ ਜਾਣਦਾ ਸੀ, ਪਰ ਉਸ ਵੱਲੋਂ ਪੈਸੇ ਦੇ ਕੇ ਕਰਵਾਏ ਅਧਿਐਨਾਂ ਨੇ ਇਸ ਰਸਾਇਣ ਨੂੰ ਸੁਰੱਖਿਅਤ ਦਰਸਾਇਆ। ਮੁਕੱਦਮੇ ਵੱਧਣ ਲੱਗੇ ਤਾਂ ਕੁੱਝ ਅਮਰੀਕੀ ਰਾਜਾਂ ਨੇ ਕੰਪਨੀਆਂ ਨੂੰ ਦੇਣਦਾਰੀ ਤੋਂ ਬਚਾਉਣ ਲਈ ਕਾਨੂੰਨ ਵੀ ਪਾਸ ਕੀਤੇ।

ਜੇਕਰ ਅਜਿਹਾ ਸੱਚਮੁੱਚ ਵਾਪਰਿਆ ਸੀ ਤਾਂ ਕੀ ਆਖਿਆ ਜਾ ਸਕਦਾ ਹੈ? ਰਸਾਇਣ ਜਾਂ ਕੰਪਨੀ ਦਾ ਨਾਮ ਲਏ ਬਿਨਾਂ (ਅਜਾਰੇਦਾਰਾਂ ਦੀ ਰੱਖਿਆ ਲਈ ਨਹੀਂ ਪਰ ਇੱਥੇ ਉਠਾਇਆ ਜਾ ਰਿਹਾ ਮੁੱਦਾ ਉਨ੍ਹਾਂ ਦੇ ਨਾਵਾਂ ਤੋਂ ਕਿਤੇ ਵਡੇਰਾ ਤੇ ਗੰਭੀਰ ਹੈ) ਇਹ ਦਰਸਾਉਣਾ ਬਣਦਾ ਹੈ ਕਿ ਤਾਕਤ ਅੱਗੇ ਨਿਯਮ ਕਿਵੇਂ ਤੋੜੇ-ਮਰੋੜੇ ਜਾ ਸਕਦੇ ਹਨ, ਵਿਗਿਆਨ ਨੂੰ ਕਿਵੇਂ ਕਮਜ਼ੋਰ ਕੀਤਾ ਜਾ ਸਕਦਾ ਹੈ ਅਤੇ ਭਾਰਤ ਨੂੰ ਇਸ ਵੱਲ ਕਿਉਂ ਧਿਆਨ ਦੇਣਾ ਚਾਹੀਦਾ ਹੈ।

## ਰਸਾਇਣਕ ਮੁਕੱਦਮਿਆਂ ਤੋਂ ਮਿਲੇ ਆਲਮੀ ਸਬਕ

ਦੁਨੀਆ ਭਰ ਵਿੱਚ ਖੇਤੀਬਾੜੀ ਰਸਾਇਣਾਂ ਬਾਰੇ ਵਿਵਾਦ ਨਾ ਸਿਰਫ਼ ਵਿਗਿਆਨ ਬਾਰੇ ਸਗੋਂ ਜਵਾਬਦੇਹੀ ਅਤੇ ਨਿਆਂ ਬਾਰੇ ਵੀ ਇੱਕ ਜੰਗ ਬਣ ਗਏ ਹਨ। ਅਮਰੀਕਾ ਵਿੱਚ ਹਜ਼ਾਰਾਂ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਲੰਮੇ ਸਮੇਂ ਤੱਕ ਇੱਕ ਰਸਾਇਣ ਦਾ ਪ੍ਰਭਾਵ ਪੈਣ ਕਾਰਨ ਉਨ੍ਹਾਂ ਨੂੰ ਕੈਂਸਰ ਹੋਇਆ। ਜਿਊਰੀਆਂ ਨੇ ਸਹਿਮਤੀ ਪ੍ਰਗਟਾਈ ਅਤੇ ਕਾਫ਼ੀ ਮੁਆਵਜ਼ਾ ਦਿੱਤਾ, ਫਿਰ ਵੀ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਜਿੱਤਾਂ ਥੋੜ੍ਹ-ਚਿਰੀਆਂ ਸਨ। ਅਪੀਲ ਮਗਰੋਂ ਮੁਆਵਜ਼ੇ ਜਾਂ ਤਾਂ ਘਟਾ ਦਿੱਤੇ ਗਏ ਜਾਂ ਇਹ ਮੁਆਵਜ਼ਾ ਦੇਣ ਸੰਬੰਧੀ ਫ਼ੈਸਲੇ ਅਦਾਲਤਾਂ ਵੱਲੋਂ ਰੱਦ ਕਰ ਦਿੱਤੇ ਗਏ। ਅਜਿਹਾ ਕਰਦਿਆਂ ਅਦਾਲਤਾਂ ਨੇ ਜਿਊਰੀ ਦੇ ਫ਼ੈਸਲਿਆਂ ਅਤੇ ਰੈਗੂਲੇਟਰੀ ਮੁਲਾਂਕਣਾਂ ਵਿਚਕਾਰ ਠੋਸ ਸਬੂਤਾਂ ਦੀ ਘਾਟ ਜਾਂ ਵਿਰੋਧਾਭਾਸਾਂ ਦਾ ਹਵਾਲਾ ਦਿੱਤਾ।



ਇਸ ਦੌਰਾਨ ਰਾਜ ਅਤੇ ਸੰਘੀ ਪੱਧਰ ਦੋਵਾਂ 'ਤੇ ਨਵੇਂ ਵਿਧਾਨਕ ਪ੍ਰਸਤਾਵ ਉੱਭਰ ਕੇ ਸਾਹਮਣੇ ਆਏ। ਕੁੱਝ ਅਮਰੀਕੀ ਰਾਜਾਂ ਵਿੱਚ ਕਾਨੂੰਨਸਾਜ਼ਾਂ ਨੇ ਸਨਅਤਕਾਰਾਂ ਨੂੰ ਮੁਕੱਦਮਿਆਂ ਤੋਂ ਛੋਟ ਦੇਣ ਵਾਲੇ ਕਾਨੂੰਨ ਪਾਸ ਕੀਤੇ। ਇਹ ਛੋਟ ਉਨ੍ਹਾਂ ਦੇ ਉਤਪਾਦ ਲੇਬਲ ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ (ਈ ਪੀ ਏ) ਦੁਆਰਾ ਮਨਜ਼ੂਰ ਹੋਣ ਦੀ ਸੂਰਤ ਵਿੱਚ ਸੀ। ਰਸਾਇਣ ਉਤਪਾਦਕਾਂ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਇਹ ਐਲਾਨ ਕਰਨ ਲਈ ਵੀ ਕਿਹਾ ਹੈ ਕਿ ਈ ਪੀ ਏ ਦੀ ਪ੍ਰਵਾਨਗੀ ਹੋਣ 'ਤੇ ਰਾਜ-ਪੱਧਰੀ 'ਚਿਤਾਵਨੀ ਦੇਣ ਵਿੱਚ ਨਾਕਾਮ ਰਹਿਣ' ਦੇ ਦਾਅਵਿਆਂ ਨੂੰ ਖਾਰਿਜ ਕਰ ਦਿੱਤਾ ਜਾਵੇ। ਜੇਕਰ ਅਦਾਲਤ ਇਸ ਲਈ ਸਹਿਮਤ ਹੋ ਜਾਂਦੀ ਹੈ ਤਾਂ ਇਹ ਇੱਕ ਖ਼ਤਰਨਾਕ ਮਿਸਾਲ ਕਾਇਮ ਕਰੇਗੀ। ਇਉਂ ਲੋਕਾਂ 'ਤੇ ਕੁਝ ਰਸਾਇਣਾਂ ਦਾ ਮਾੜਾ ਪ੍ਰਭਾਵ ਪੈਣ ਦੇ ਬਾਵਜੂਦ ਰੈਗੂਲੇਟਰੀ ਪ੍ਰਵਾਨਗੀ ਅਜਾਰੇਦਾਰਾਂ ਲਈ ਕਾਨੂੰਨੀ ਢਾਲ ਬਣ ਜਾਵੇਗੀ।

## ਜਦੋਂ ਵਿਗਿਆਨ ਨਿਰਪੱਖ ਨਹੀਂ ਹੁੰਦਾ

ਇਨ੍ਹਾਂ ਵਿਚਾਰਾਂ ਦਾ ਇੱਕ ਪਰੇਸ਼ਾਨ ਕਰਨ ਵਾਲਾ ਤੱਤ ਵਿਗਿਆਨਕ ਤੱਥਾਂ ਨੂੰ ਤੋੜ-ਮਰੋੜ ਕੇ ਗਲਤ ਢੰਗ ਨਾਲ ਪੇਸ਼ ਕਰਨਾ ਹੈ। ਅਕਾਦਮਿਕ ਖੋਜਾਂ ਸੰਬੰਧਿਤ ਵਿਸ਼ਾ ਮਾਹਿਰਾਂ ਵੱਲੋਂ ਲੰਮੀ ਪੜਚੋਲ ਮਗਰੋਂ ਲੇਖ ਸਮੱਗਰੀ ਛਾਪਣ ਵਾਲੇ ਰਸਾਲਿਆਂ ਨੂੰ ਭਰੋਸੇਯੋਗਤਾ ਦਾ ਉੱਚ ਮਿਆਰ ਮੰਨਿਆ ਜਾਂਦਾ ਹੈ। ਫਿਰ ਵੀ ਜਾਂਚਾਂ ਤੋਂ ਪਤਾ ਲੱਗਿਆ ਹੈ ਕਿ ਕੁੱਝ ਪ੍ਰਭਾਵਸ਼ਾਲੀ ਅਧਿਐਨ ਸੰਬੰਧਿਤ ਕੰਪਨੀ ਦੇ ਕਰਮਚਾਰੀਆਂ ਨੇ ਲਿਖੇ ਅਤੇ ਵਿਗਿਆਨੀਆਂ ਦੇ ਨਾਵਾਂ ਹੇਠ ਪ੍ਰਕਾਸ਼ਿਤ ਕੀਤੇ ਗਏ ਸਨ।

ਇੱਕ ਅਜਿਹੇ ਹੀ ਖੋਜ ਪੱਤਰ ਦਾ ਦਹਾਕਿਆਂਬੱਧੀ ਵਿਆਪਕ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਰਿਹਾ ਸੀ, ਜਿਸ ਨੇ ਰੈਗੂਲੇਟਰੀ ਅਦਾਰਿਆਂ ਦੇ ਅਧਿਕਾਰੀਆਂ ਨੂੰ ਲੋਕਾਂ ਦੁਆਰਾ ਰਸਾਇਣ ਦੀ ਵਰਤੋਂ ਸੁਰੱਖਿਅਤ ਹੋਣ ਦਾ ਯਕੀਨ ਦਿਵਾਇਆ। ਸੱਚ ਮੁਕੱਦਮੇਬਾਜ਼ੀ ਦੌਰਾਨ ਸਾਹਮਣੇ ਆਇਆ। ਉਦੋਂ ਤੱਕ ਨੁਕਸਾਨ ਤਾਂ ਹੋ ਚੁੱਕਿਆ ਸੀ। ਉਸ ਖੋਜ ਪੱਤਰ ਨੇ ਦੁਨੀਆ ਭਰ ਵਿੱਚ ਰੈਗੂਲੇਟਰੀ ਅਦਾਰਿਆਂ ਦੇ ਫ਼ੈਸਿਲਆਂ ਨੂੰ ਪ੍ਰਭਾਵਿਤ ਕੀਤਾ ਸੀ। ਇੱਕ ਵਾਰ ਨਿੱਜੀ ਹਿੱਤ ਜਨਤਕ ਗਿਆਨ ਵਿੱਚ ਅਤੇ ਨੁਕਸਦਾਰ ਖੋਜ ਵਿਗਿਆਨਕ ਰਿਕਾਰਡ ਵਿੱਚ ਰਲਗੱਡ ਹੋ ਜਾਂਦੇ ਹਨ ਤਾਂ ਇਹ ਹੱਦਾਂ ਸਰਹੱਦਾਂ ਉਲੰਘ ਕੇ ਘੱਟ ਸਰੋਤਾਂ ਵਾਲੇ ਦੇਸ਼ਾਂ ਵਿੱਚ ਸੁਤੰਤਰ ਜਾਂਚ ਦੀ ਘਾਟ ਕਾਰਨ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਦੇ ਵਿਆਪਕ ਭਿਆਨਕ ਨਤੀਜੇ ਨਿਕਲਦੇ ਹਨ। ਇੱਕ ਵੀ ਗਲਤ ਅਧਿਐਨ ਦਹਾਕਿਆਂਬੱਧੀ ਰੈਗੂਲੇਟਰੀ ਮੁਲਾਂਕਣਾਂ ਨੂੰ ਗਲਤ ਦਿਸ਼ਾ ਦੇ ਸਕਦਾ ਹੈ, ਅਦਾਲਤ ਵਿੱਚ ਦਿੱਤੀਆਂ ਜਾਂਦੀਆਂ ਦਲੀਲਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਕੌਮਾਂਤਰੀ ਵਪਾਰ ਨੀਤੀਆਂ ਨੂੰ ਆਕਾਰ ਦੇ ਸਕਦਾ ਹੈ।

ਦਰਅਸਲ, ਇਹ ਬਹਿਸ ਸੱਤਾ ਬਾਰੇ ਹੈ। ਵਿਸ਼ਾਲ ਸਰੋਤਾਂ ਵਾਲੀਆਂ ਕੰਪਨੀਆਂ ਵਕੀਲਾਂ ਨੂੰ ਨਿਯੁਕਤ, ਅਧਿਐਨਾਂ ਨੂੰ ਫੰਡ ਅਤੇ ਰੈਗੂਲੇਟਰਾਂ ਕੋਲ ਪ੍ਰਚਾਰ ਪਸਾਰ ਕਰ ਸਕਦੀਆਂ ਹਨ। ਇਸ ਸਭ ਖਿਲਾਫ਼ ਸਮੂਹਿਕ ਕਾਰਵਾਈ ਤੋਂ ਬਿਨਾਂ ਆਮ ਵਿਅਕਤੀ ਦਾ ਕੁੱਝ ਵੱਟਿਆ ਨਹੀਂ ਜਾ ਸਕਦਾ। ਜੇਕਰ ਉਹ ਅਦਾਲਤ ਵਿੱਚ ਜਿੱਤ ਜਾਣ ਤਾਂ ਵੀ ਅੱਗੇ ਤੋਂ ਅੱਗੇ ਉਪਰਲੀਆਂ ਅਦਾਲਤਾਂ ਵਿੱਚ ਅਪੀਲਾਂ ਕਾਰਨ ਅਕਸਰ ਉਨ੍ਹਾਂ ਦੀ ਜਿੱਤ ਜਿੱਤ ਨਹੀਂ ਰਹਿੰਦੀ। ਇਹ ਅਸੰਤੁਲਨ ਵਿਸਵਾਸ਼ ਨੂੰ ਖੋਰਾ ਲਗਾਉਂਦਾ ਹੈ। ਰੈਗੂਲੇਟਰੀ ਅਦਾਰਿਆਂ ਤੋਂ ਜਨਤਕ ਸਿਹਤ ਦੇ ਨਿਰਪੱਖ ਰਖਵਾਲੇ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਪਰ ਜਦੋਂ ਏਜੰਸੀਆਂ ਉਦਯੋਗ ਦੇ ਬਹੁਤ ਨੇੜੇ ਜਾਪਦੀਆਂ ਹਨ ਤਾਂ ਨਾ ਸਿਰਫ਼ ਕੰਪਨੀਆਂ ਸਗੋਂ ਵਿਗਿਆਨ ਅਤੇ ਸਰਕਾਰ ਤੋਂ ਵੀ ਲੋਕਾਂ ਦਾ ਭਰੋਸਾ ਟੁੱਟ ਜਾਂਦਾ ਹੈ।

## ਭਾਰਤ ਅੱਖਾਂ ਕਿਉਂ ਨਹੀਂ ਮੀਟ ਸਕਦਾ?

ਭਾਰਤ ਇਸ ਕਹਾਣੀ ਦਾ ਮਹਿਜ਼ ਦਰਸ਼ਕ ਨਹੀਂ ਹੈ। ਜਾਂਚ ਅਧੀਨ ਖੇਤੀਬਾੜੀ ਰਸਾਇਣ ਦੀ ਭਾਰਤ ਵਿੱਚ ਵਿਆਪਕ ਪੱਧਰ 'ਤੇ ਖਪਤ ਹੁੰਦੀ ਹੈ। ਕਿਸਾਨਾਂ ਨੂੰ ਸੁਰੱਖਿਅਤ ਪ੍ਰਬੰਧਨ ਸੰਬੰਧੀ ਅਕਸਰ ਬਹੁਤ ਘੱਟ ਸਿਖਲਾਈ ਹੁੰਦੀ ਹੈ, ਇਸ ਲਈ ਸਭ ਤੋਂ ਵੱਧ ਜੋਖ਼ਮ ਵਿੱਚ ਕਿਸਾਨ ਹਨ। ਭੋਜਨ ਲੜੀ ਵਿੱਚ ਖ਼ਤਰਨਾਕ ਰਸਾਇਣ ਸ਼ਾਮਿਲ ਹੋਣ ਕਾਰਨ ਖਪਤਕਾਰਾਂ ਨੂੰ ਭੋਜਨ ਤੇ ਪਾਣੀ ਰਾਹੀਂ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ।



ਭਾਰਤ ਆਪਣੀਆਂ ਨੀਤੀਆਂ ਘੜਨ ਵਿੱਚ ਅਕਸਰ ਵਿਕਸਿਤ ਦੇਸ਼ਾਂ ਦਾ ਅਨੁਸਰਨ ਕਰਦਾ ਹੈ। ਕਈ ਵਾਰ ਇਹ ਸਾਡੇ ਲਈ ਚੰਗਾ ਹੁੰਦਾ ਹੈ। ਡੀ ਡੀ ਟੀ ਦੇ ਨੁਕਸਾਨਾਂ ਬਾਰੇ ਵਿਸ਼ਵਵਿਆਪੀ ਸਬੂਤਾਂ ਨੇ ਅੰਤ ਵਿੱਚ ਭਾਰਤ ਨੂੰ ਇਸ 'ਤੇ ਪਾਬੰਦੀ ਲਗਾਉਣ ਲਈ ਮਜ਼ਬੂਰ ਕੀਤਾ, ਪਰ ਦੂਜੇ ਮੁਲਕਾਂ ਦੇ ਅਧਿਐਨਾਂ ਅਤੇ ਫ਼ੈਸਲਿਆਂ 'ਤੇ ਹੱਦੋਂ ਵੱਧ ਨਿਰਭਰਤਾ ਜੋਖ਼ਮ ਭਰੀ ਹੈ। ਭ੍ਰਿਸ਼ਟ ਵਿਗਿਆਨ 'ਤੇ ਆਧਾਰਿਤ ਨੀਤੀਗਤ ਫ਼ੈਸਲੇ ਸਮੱਸਿਆ ਉਪਜਾ ਸਕਦੇ ਹਨ। ਅਜਿਹਾ ਕਰਨ ਨਾਲ ਵਾਸ਼ਿੰਗਟਨ ਵਿੱਚ ਲਏ ਗਏ ਫ਼ੈਸਲੇ ਪੰਜਾਬ, ਮਹਾਰਾਸ਼ਟਰ ਜਾਂ ਆਂਧਰਾ ਪ੍ਰਦੇਸ਼ ਦੇ ਪਿੰਡਾਂ ਵਿੱਚ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਆਰਥਿਕ ਖ਼ਤਰੇ ਵੀ ਓਨੇ ਹੀ ਗੰਭੀਰ ਹਨ। ਜੇਕਰ ਆਲਮੀ ਮੰਡੀ ਰਸਾਇਣਕ ਰਹਿੰਦ-ਖੂੰਹਦ ਕਾਰਨ ਭਾਰਤੀ ਉਤਪਾਦਾਂ ਨੂੰ ਰੱਦ ਕਰਦੀ ਹੈ ਤਾਂ ਇਸ ਦਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ।

## ਅੱਗੇ ਵਧਦਿਆਂ

ਕਮਜ਼ੋਰ ਨਿਯਮ ਅਤੇ ਸ਼ੱਕੀ ਵਿਗਿਆਨ ਦੇ ਇਹ ਮੁੱਦੇ ਭਾਰਤ ਲਈ ਮਹੱਤਵਪੂਰਨ ਸਬਕ ਹਨ। ਸਾਡੀ ਰੈਗੂਲੇਟਰੀ ਪ੍ਰਣਾਲੀ ਨੂੰ ਉਤਪਾਦ ਗੁਣਵੱਤਾ ਜਾਂਚਾਂ ਤੋਂ ਪਰ੍ਹੇ ਜਾਣਾ ਚਾਹੀਦਾ ਹੈ ਤਾਂ ਜੋ ਦੀਰਘਕਾਲੀ ਸਿਹਤ ਅਤੇ ਵਾਤਾਵਰਣ ਸੁਰੱਖਿਆ ਨੂੰ ਸ਼ਾਮਿਲ ਕੀਤਾ ਜਾ ਸਕੇ। ਲੰਮੇ ਸਮੇਂ ਤੋਂ ਚਰਚਿਤ ਅਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ REACH ਜਿਹਾ ਵਿਆਪਕ ਵਾਧਾ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।

ਸੁਤੰਤਰ ਖੋਜ ਵੀ ਇੰਨੀ ਹੀ ਅਹਿਮ ਹੈ। ਟੌਕਸਿਕੋਲੋਜੀ ਅਧਿਐਨਾਂ ਲਈ ਜਨਤਕ ਫੰਡਿੰਗ, ਮੁਲਾਂਕਣਾਂ ਵਿੱਚ ਪਾਰਦਰਸ਼ਤਾ ਅਤੇ ਸੁਰੱਖਿਆ ਸੰਬੰਧੀ ਡੇਟਾ ਤੱਕ ਖੁੱਲ੍ਹੀ ਪਹੁੰਚ ਉਧਾਰੇ ਵਿਗਿਆਨ 'ਤੇ ਨਿਰਭਰਤਾ ਨੂੰ ਘਟਾਏਗੀ। ਭਾਰਤ ਨੂੰ ਜਨਤਕ ਸਿਹਤ ਅਤੇ ਖੇਤੀਬਾੜੀ ਸਥਿਰਤਾ ਦੋਵਾਂ ਦੀ ਰੱਖਿਆ ਲਈ ਕੌਮਾਂਤਰੀ ਮਾਪਦੰਡਾਂ ਨਾਲ ਬਰ ਮੇਚਦੀ ਖੋਜ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਵਿਵਾਦਪੂਰਨ ਰਸਾਇਣਾਂ ਦੇ ਸੁਰੱਖਿਅਤ ਵਿਕਲਪਾਂ ਵਿਕਸਿਤ ਕੀਤੇ ਜਾ ਸਕਣ। ਦਰਅਸਲ, ਇਹ ਵਿਵਾਦ ਕਿਸੇ ਇੱਕ ਕੰਪਨੀ ਜਾਂ ਇੱਕ ਉਤਪਾਦ ਬਾਰੇ ਨਹੀਂ ਹੈ। ਇਹ ਇਸ ਬਾਰੇ ਹੈ ਕਿ ਕੀ ਵਿਗਿਆਨ ਅਤੇ ਨਿਯਮ ਜਨਤਕ ਜਿੱਤਾਂ ਦੀ ਪੂਰਤੀ ਲਈ ਤਰੱਕੀ ਕਰਨਗੇ? ਭਾਰਤ ਆਪਣੀ ਧਰਤੀ 'ਤੇ ਇਹ ਵਿਸ਼ਵਵਿਆਪੀ ਸੰਕਟ ਆਉਣ ਦੀ ਉਡੀਕ ਨਹੀਂ ਕਰ ਸਕਦਾ। ਨਿਯਮ ਨੂੰ ਮਜ਼ਬੂਤ ਕਰਕੇ, ਪਾਰਦਰਸ਼ਤਾ ਦੀ ਮੰਗ ਕਰਕੇ ਅਤੇ ਵਿਕਲਪਾਂ ਵਿੱਚ ਨਿਵੇਸ਼ ਕਰਕੇ ਭਾਰਤ ਆਪਣੇ ਲੋਕਾਂ ਦੀ ਰੱਖਿਆ ਦੇ ਨਾਲ-ਨਾਲ ਹੰਢਣਸਾਰ ਖੇਤੀਬਾੜੀ ਵਿੱਚ ਅਗਵਾਈ ਦਾ ਦਾਅਵਾ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾ ਸਕਦਾ ਹੈ ਕਿ ਆਰਥਿਕ ਲਾਭ ਲਈ ਜਨਤਕ ਸਿਹਤ ਨਾਲ ਕਿਸੇਕਿਸਮ ਦਾ ਸਮਝੌਤਾ ਨਾ ਕੀਤਾ ਜਾਵੇ। ਜਿਵੇਂ ਉਸ ਕਿਸਾਨ ਨੇ ਮੈਨੂੰ ਕਈ ਸਾਲ ਪਹਿਲਾਂ ਯਾਦ ਦਿਵਾਇਆ ਸੀ ਕਿ ਲੋਕ ਬੋਤਲ ਵਿੱਚ ਆਉਂਦੀ ਚੀਜ਼ 'ਤੇ ਭਰੋਸਾ ਕਰਦੇ ਹਨ। ਹੁਣ ਇਹ ਜ਼ਿੰਮੇਵਾਰੀ ਵਿਗਿਆਨੀਆਂ, ਰੈਗੂਲੇਟਰੀ ਅਦਾਰਿਆਂ ਅਤੇ ਨੀਤੀਘਾੜਿਆਂ ਦੀ ਹੈ ਕਿ ਲੋਕਾਂ ਦਾ ਭਰੋਸਾ ਕਦੇ ਨਾ ਟੁੱਟੇ।

# ਆਂਵਲੇ ਤੋਂ ਤਿਆਰ ਉਤਪਾਦ

## ਅੰਮ੍ਰਿਤ ਫਲ ਨੂੰ ਅਪਣਾਉਣ ਦਾ ਇੱਕ ਤਰੀਕਾ

ਅਰਸ਼ਦੀਪ ਸਿੰਘ, ਰਚਨਾ ਅਰੋੜਾ ਅਤੇ ਹਨੂੰਮਾਨ ਬੋਬੜੇ,
ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98762-35555)



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਂਵਲੇ ਦੀਆਂ ਪ੍ਰਮੁੱਖ ਤਿੰਨ ਕਿਸਮਾਂ ਬਲਵੰਤ, ਨੀਲਮ ਤੇ ਕੰਚਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਂਵਲਾ ਇਕ ਬਹੁਤ ਹੀ ਸਖਤ ਜਾਨ ਫਲ ਹੈ ਅਤੇ ਇਸਨੂੰ ਅਜਿਹੀਆਂ ਜ਼ਮੀਨਾਂ ਤੇ ਵੀ ਉਗਾਇਆ ਜਾ ਸਕਦਾ ਹੈ ਜਿੱਥੇ ਕਿਸੇ ਹੋਰ ਫਲ ਦੀ ਕਾਸ਼ਤ ਸੰਭਵ ਨਹੀਂ ਹੁੰਦੀ। ਇਸਦੀ ਗੁਣਵੱਤਾ ਅਤੇ ਆਸਾਨ ਕਾਸ਼ਤਕਾਰੀ ਢੰਗਾਂ ਕਰਕੇ ਘਰੇਲੂ ਬਗੀਚੀ ਵਿਚ ਲਾਉਣ ਲਈ ਇਹ ਸਭ ਤੋਂ ਢੁੱਕਵਾਂ ਫਲ ਹੈ। ਇਸਦਾ ਸੁਆਦ ਤਿੱਖਾ ਅਤੇ ਖੱਟਾ ਹੁੰਦਾ ਹੈ ਜਿਸ ਕਾਰਨ ਇਸ ਫਲ ਨੂੰ ਸਿੱਧਾ ਖਾਣਾ ਔਖਾ ਹੈ। ਆਂਵਲੇ ਦੇ ਉੱਚ ਪੌਸ਼ਟਿਕ ਗੁਣਾਂ ਦੇ ਕਾਰਨ, ਇਸ ਫਲ ਨੇ ਵਿਆਪਕ ਪ੍ਰਸਿੱਧੀ ਹਾਸਲ ਕੀਤੀ ਹੈ ਅਤੇ ਵੱਖ-ਵੱਖ ਗੁਣਵੱਤਾ ਵਾਲੇ ਉਤਪਾਦਾਂ ਵਿਚ ਪ੍ਰੋਸੈਸਿੰਗ ਵੀ ਵੱਡੀ ਸੰਭਾਵਨਾ ਹੈ, ਜਿਸਦੀ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਬਾਜ਼ਾਰ ਵਿੱਚ ਬਹੁਤ ਮੰਗ ਹੈ। ਆਂਵਲੇ ਦੇ ਫਲਾਂ ਨੂੰ ਗੁਣਵੱਤਾ ਵਾਲੇ ਉਤਪਾਦਾਂ ਵਿਚ ਪ੍ਰੋਸੈਸ ਕੀਤਾ ਜਾ ਸਕਦਾ ਹੈ ਜਿਵੇਂ ਕਿ ਮੁਰੱਬਾ, ਆਂਵਲਾ ਕੈਂਡੀ ਅਤੇ ਜੂਸ। ਆਂਵਲੇ ਨੂੰ ਪਾਊਡਰ, ਜੈਮ, ਅਚਾਰ, ਚਟਨੀ, ਪੀਣ ਵਾਲੇ ਪਦਾਰਥ ਅਤੇ ਮਿਸ਼ਰਤ ਫਲ ਆਧਾਰਿਤ ਉਤਪਾਦਾਂ ਦੇ ਵਿਕਾਸ ਲਈ ਵੀ ਪ੍ਰੋਸੈਸ ਕੀਤਾ ਜਾ ਸਕਦਾ ਹੈ। ਇਸ ਦੇ ਤਾਜ਼ੇ ਫਲ ਉੱਤੇ ਪਾਊਡਰ ਨੂੰ ਸਬਜ਼ੀਆਂ ਵਿਚ ਖਟਾਸ ਲਈ ਟਮਾਟਰ ਦੇ ਬਦਲ ਵਜੋਂ ਵੀ ਵਰਤਿਆ ਜਾ ਸਕਦਾ ਹੈ।

### ਆਂਵਲੇ ਦਾ ਜੈਮ

ਆਂਵਲਾ ਜੈਮ ਇੱਕ ਸੰਘਣਾ ਫਲ ਉਤਪਾਦ ਹੈ ਜੋ ਕੁਦਰਤੀ ਫਲਾਂ ਦੇ ਸੁਆਦ ਨਾਲ ਭਰਪੂਰ ਪਦਾਰਥ ਹੈ। ਫਲਾਂ ਵਿਚ ਪੈਕਟਿਨ ਇਸ ਨੂੰ ਇਕ ਵਧੀਆ ਸੈੱਟ ਦਿੰਦਾ ਹੈ ਅਤੇ ਖੰਡ ਦਾ ਉੱਚ ਗਾੜ੍ਹਾਪਣ ਇਸਦੀ ਸੰਭਾਲ ਨੂੰ ਸੌਖਾ ਬਣਾਉਂਦਾ ਹੈ। ਆਂਵਲੇ ਦੇ ਫਲਾਂ ਦਾ ਗੁੱਦਾ (50%) ਅਤੇ 67% ਚੀਨੀ ਨੂੰ ਪਕਾਇਆ ਜਾਂਦਾ ਹੈ ਅਤੇ ਸਿਟਰਿਕ ਐਸਿਡ (ਐਸਿਡਟੀ 1.2%) ਮਿਲਾਇਆ ਜਾਂਦਾ ਹੈ। 68° ਬ੍ਰਿਕਸ ਦੇ ਗਾੜ੍ਹੇਪਨ 'ਤੇ ਪਹੁੰਚਣ ਤੋਂ ਬਾਅਦ, ਇਸ ਨੂੰ ਸਾਫ ਸਟੀਰਲਾਈਜ਼ਡ ਸ਼ੀਸ਼ੇ ਦੇ ਮਰਤਬਾਨ ਵਿਚ ਭਰਿਆ ਜਾਂਦਾ ਹੈ ਅਤੇ ਢੱਕਣ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਜੋ ਹਵਾ ਬੰਦੀ ਨੂੰ ਯਕੀਨੀ ਬਣਾਇਆ ਜਾ ਸਕੇ।



### ਆਂਵਲਾ ਜੂਸ

ਆਂਵਲੇ ਦਾ ਜੂਸ ਕੱਢਣ ਲਈ ਫਲਾਂ ਤੋਂ ਬੀਜ ਹਟਾਉਣ ਲਈ ਜਾਂ ਤਾਂ ਬਲਾਚ ਕੀਤਾ ਜਾ ਸਕਦਾ ਹੈ। ਜੂਸ ਤਿਆਰ ਕਰਨ ਲਈ ਬਲਾਚ ਜਾਂ ਕੱਟੇ ਹੋਏ ਫਲਾਂ ਨੂੰ ਪੇਚ ਕਿਸਮ ਦੇ ਜੂਸ ਐਕਸਟਰੈਕਟਰ ਜਾਂ ਹਾਈਡ੍ਰੋਲਿਕ ਪ੍ਰੈਸ ਦੀ ਵਰਤੋਂ ਨਾਲ ਮਸਲ ਅਤੇ ਦਬਾ ਕੇ ਕੱਢਿਆ ਜਾਂਦਾ ਹੈ। ਜੂਸ ਨੂੰ ਮਲਮਲ ਦੇ ਕੱਪੜੇ ਰਾਹੀਂ ਫਿਲਟਰ ਕੀਤਾ ਜਾਂਦਾ ਹੈ, ਪਾਸਚੁਰਾਈਜ਼ਡ ਕਰਕੇ ਅਤੇ ਕੱਚ ਦੀਆਂ ਬੋਤਲਾਂ ਵਿਚ ਗਰਮ ਭਰਿਆ ਜਾਂਦਾ ਹੈ, 30 ਮਿੰਟਾਂ ਉਬਲਦੇ ਪਾਣੀ ਵਿਚ ਕੋਰਕ ਅਤੇ ਪ੍ਰੋਸੈਸ ਕੀਤਾ ਜਾਂਦਾ ਹੈ ਅਤੇ ਤੁਰੰਤ ਕਮਰੇ ਦੇ ਤਾਪਮਾਨ ਤੇ ਠੰਡਾ ਕੀਤਾ ਜਾਂਦਾ ਹੈ। ਜੂਸ ਕੱਢਣ ਤੋਂ ਬਾਅਦ ਬਚੇ ਗੁੱਦੇ ਦੀ ਰਹਿੰਦ-ਖੂੰਹਦ ਨੂੰ 50 ਡਿਗਰੀ ਸੈਲਸੀਅਸ ਤਾਪਮਾਨ 'ਤੇ 6-8 ਘੰਟਿਆਂ ਲਈ ਡਰਾਇਰ ਵਿਚ ਸੁਕਾ ਲਿਆ ਜਾਂਦਾ ਹੈ ਅਤੇ ਮਿਕਸਰ ਵਿਚ ਪੀਸਣ ਤੋਂ ਬਾਅਦ ਆਂਵਲਾ ਪਾਊਡਰ ਪ੍ਰਾਪਤ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾਂਦਾ ਹੈ।

ਆਰਟੀਐਸ ਦੀ ਤਿਆਰੀ ਲਈ ਸਭ ਤੋਂ ਪਹਿਲਾਂ ਖੰਡ, ਐਸਿਡ ਅਤੇ ਪਾਣੀ ਦੀ ਲੋੜੀਂਦੀ ਮਾਤਰਾ ਨੂੰ ਉਬਾਲ ਕੇ ਤਿਆਰ ਕੀਤਾ ਜਾਂਦਾ ਹੈ। ਆਂਵਲਾ ਦਾ ਜੂਸ (20%), ਚੀਨੀ ਦੇ ਇਸ ਘੋਲ ਵਿਚ ਮਿਲਾਇਆ ਜਾਂਦਾ ਹੈ ਜਿਸ ਨੂੰ ਫਿਰ ਮਲਮਲ ਦੇ ਕੱਪੜੇ ਰਾਹੀਂ ਛਾਣਿਆ ਜਾਂਦਾ ਹੈ। ਟੀ ਐਸ ਐਸ ਨੂੰ 10° ਬ੍ਰਿਕਸ, ਅਤੇ ਐਸਿਡਿਟੀ ਨੂੰ 0.25% ਤੱਕ ਐਡਜਸਟ ਕੀਤਾ ਜਾਂਦਾ ਹੈ। ਆਰਟੀਐਸ ਨੂੰ ਫਿਰ 80-82° ਸੈਲਸੀਅਸ ਤਾਪਮਾਨ 'ਤੇ ਕੱਚ ਦੀਆਂ ਬੋਤਲਾਂ ਵਿਚ ਭਰਿਆ ਜਾਂਦਾ ਹੈ। ਭਰਨ ਤੋਂ ਬਾਅਦ ਬੋਤਲਾਂ ਨੂੰ ਕੋਰਕ ਕਰਕੇ 25 ਮਿੰਟਾਂ ਲਈ ਉਬਲਦੇ ਪਾਣੀ ਵਿਚ ਪ੍ਰੋਸੈਸ ਕੀਤਾ ਜਾਂਦਾ ਹੈ।

### ਆਂਵਲਾ ਕੈਂਡੀ

ਆਂਵਲਾ ਕੈਂਡੀ ਬਨਾਉਣ ਲਈ ਪੱਕੇ ਫਲਾਂ ਨੂੰ 24 ਘੰਟਿਆਂ ਲਈ 2% ਨਮਕ ਦੇ ਘੋਲ ਵਿਚ ਡੁਬੋਇਆ ਜਾਂਦਾ ਹੈ ਅਤੇ ਫਿਰ ਚੰਗੀ ਤਰ੍ਹਾਂ ਧੋ ਕੇ 3-5 ਮਿੰਟਾਂ ਲਈ ਉਬਲਦੇ ਪਾਣੀ ਵਿਚ ਬਲਾਚ ਕੀਤਾ ਜਾਂਦਾ ਹੈ ਤਾਂ ਕਿ ਫਾੜੀਆਂ ਨੂੰ ਵੱਖ ਕੀਤਾ ਜਾ ਸਕੇ ਅਤੇ ਫਿਰ ਫਾੜੀਆਂ ਨੂੰ 24 ਘੰਟਿਆਂ ਲਈ 50 ਡਿਗਰੀ ਬ੍ਰਿਕਸ ਚਾਸ਼ਣੀ ਵਿਚ ਰੱਖ ਦਿੱਤਾ ਜਾਂਦਾ ਹੈ। ਅਗਲੇ ਦਿਨ ਫਾੜੀਆਂ ਨੂੰ 60 ਡਿਗਰੀ ਬ੍ਰਿਕਸ ਵਾਲੀ ਚਾਸ਼ਣੀ ਵਿਚ 24 ਘੰਟਿਆਂ ਲਈ ਰੱਖਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ 70 ਡਿਗਰੀ ਬ੍ਰਿਕਸ ਵਾਲੀ ਚਾਸ਼ਣੀ ਵਿਚ 72 ਘੰਟਿਆਂ ਲਈ ਰੱਖਿਆ ਜਾਂਦਾ ਹੈ। ਵਾਧੂ ਚਾਸ਼ਣੀ ਨੂੰ ਕੱਢਿਆ ਜਾਂਦਾ ਹੈ ਅਤੇ ਫਲਾਂ ਨੂੰ 15% ਨਮੀਂ ਦੀ ਮਾਤਰਾ ਤੱਕ ਸੁਕਾਇਆ ਜਾਂਦਾ ਹੈ ਅਤੇ ਪੈਕਿੰਗ ਤੋਂ ਪਹਿਲਾਂ ਪੀਸੀ ਖੰਡ ਜਾਂ ਨਮਕ ਮਸਾਲੇ ਦੇ ਮਿਸ਼ਰਣ ਨਾਲ ਲੇਪ ਕੀਤਾ ਜਾਂਦਾ ਹੈ।

### ਆਂਵਲੇ ਦਾ ਮੁਰੱਬਾ

ਆਂਵਲੇ ਦਾ ਮੁਰੱਬਾ ਬਣਾਉਣ ਲਈ ਪੱਕੇ ਹੋਏ ਵੱਡੇ ਆਕਾਰ ਦੇ ਫਲਾਂ ਨੂੰ ਚਾਸ਼ਣੀ ਵਿਚ ਡੁੱਬੋ ਕੇ ਰੱਖਿਆ ਹੈ ਜਦੋਂ ਤੱਕ ਇਹ ਨਰਮ ਅਤੇ ਪਾਰਦਰਸ਼ੀ ਨਹੀਂ ਹੋ ਜਾਂਦੇ। ਆਂਵਲੇ ਦੇ ਫਲਾਂ ਨੂੰ 2-3 ਦਿਨਾਂ ਲਈ ਨਮਕੀਨ ਘੋਲ (2%) ਵਿਚ ਡੁਬੋਇਆ ਜਾਂਦਾ ਹੈ ਅਤੇ ਫਿਰ ਚੰਗੀ ਤਰ੍ਹਾਂ ਧੋ ਕੇ ਗੋਦ/ਵਿੰਨ੍ਹ ਬਲਾਚ ਕੀਤਾ ਜਾਂਦਾ ਹੈ। ਫਲਾਂ ਦੇ ਭਾਰ ਦੇ ਬਰਾਬਰ ਖੰਡ ਫਲਾਂ ਉੱਤੇ ਛਿੜਕ ਕੇ ਰਾਤ ਭਰ ਰੱਖੀ ਜਾਂਦੀ ਹੈ। ਅਗਲੇ ਦਿਨ ਚਾਸ਼ਣੀ ਨੂੰ ਹੋਰ ਖੰਡ ਪਾ ਕੇ ਚੰਗੀ ਤਰ੍ਹਾਂ ਤੇ 54-55 ਡਿਗਰੀ ਬ੍ਰਿਕਸ ਉਬਾਲਿਆ ਜਾਂਦਾ ਹੈ ਅਤੇ ਇਸ ਨੂੰ ਫਲਾਂ ਨਾਲ ਕਿਲਾ ਕੇ ਇਸ ਵਿੱਧੀ ਨੂੰ 3-4 ਵਾਰ ਦੁਹਰਾਇਆ ਜਾਂਦਾ ਹੈ। ਅਗਲੇ ਦਿਨ ਫਲਾਂ ਨੂੰ ਬਾਹਰ ਕੱਢ ਲਿਆ ਜਾਂਦਾ ਹੈ ਅਤੇ ਖੰਡ ਮਿਲਾ ਕੇ ਚਾਸ਼ਣੀ ਨੂੰ 75 ਡਿਗਰੀ ਬ੍ਰਿਕਸ ਤੇ ਕੇਂਦਰਿਤ ਕੀਤਾ ਜਾਂਦਾ ਹੈ ਜਦੋਂ ਤੱਕ ਕਿ ਚਾਸ਼ਣੀ ਦਾ ਗਾੜ੍ਹਾਪਨ ਲਗਭਗ 70 ਡਿਗਰੀ ਬ੍ਰਿਕਸ ਤੇ ਸਥਿਰ ਨਹੀਂ ਹੋ ਜਾਂਦਾ। ਮੁਰੱਬੇ ਨੂੰ ਸਾਫ, ਸੁੱਕੇ ਕੱਚ ਦੇ ਮਰਤਬਾਨ ਵਿੱਚ ਪੈਕ ਕੀਤਾ ਜਾਂਦਾ ਹੈ ਅਤੇ ਕਮਰੇ ਦੇ ਤਾਪਮਾਨ 'ਤੇ ਸਟੋਰ ਕੀਤਾ ਜਾਂਦਾ ਹੈ।





# ਗੁਣਾਂ ਦੀ ਖਾਣ ਸੁਹੰਜਣਾ



ਪੰਜਾਬੀ ਦੀ ਅਖੌਤ ਹੈ ਕਿ ਸੁਹਾਂਜਣੇ ਦੀ ਛਾਂ ਨਾ ਕੁੱਤਾ ਬਵੇ ਨਾ ਕਾਂ। ਕਹਿਣ ਤੋਂ ਭਾਵ ਇਹ ਹੈ ਕਿ ਸੁਹਾਂਜਣਾ ਅਜਿਹਾ ਰੁੱਖ ਹੈ, ਜਿਸ ਉੱਤੇ ਨਾ ਪੰਛੀ ਆਪਣਾ ਆਲ੍ਹਣਾ ਬਣਾ ਸਕਦੇ ਹਨ ਅਤੇ ਨਾ ਹੀ ਉਹ ਬਹੁਤਾ ਛਾਂਦਾਰ ਹੁੰਦਾ ਹੈ, ਪਰ ਮਨੁੱਖੀ ਸਿਹਤ ਵਰਧਕ ਪ੍ਰਣਾਲੀ ਵਿੱਚ ਪ੍ਰਾਚੀਨ ਕਾਲ ਤੋਂ ਇਸ ਦੇ ਅਣਗਿਣਤ ਲਾਭਾਂ ਦਾ ਵਰਨਣ ਆਯੁਰਵੇਦਿਕ ਸਾਹਿਤ ਵਿੱਚ ਕੀਤਾ ਗਿਆ ਹੈ।

**ਬਿਜਾਈ ਦਾ ਸਮਾਂ**

ਜੂਨ-ਜੁਲਾਈ, ਅਗਸਤ ਅਤੇ ਸਤੰਬਰ ਦੇ ਪਹਿਲੇ ਹਫ਼ਤੇ ਵਿੱਚ ਵੀ ਇਸ ਨੂੰ ਬੀਜਾਂ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਬਰਸਾਤ ਦੇ ਮੌਸਮ ਵਿੱਚ ਇਸ ਨੂੰ ਕਲਮਾਂ ਦੇ ਮਾਧਿਅਮ ਰਾਹੀਂ ਵੀ ਲਗਾਉਣ ਲਈ ਤਿਆਰ ਕੀਤਾ ਜਾ ਸਕਦਾ ਹੈ। ਉਪਜਾਊ ਤੇ ਘੱਟ ਉਪਜਾਊ ਥਾਵਾਂ 'ਤੇ ਇਸ ਨੂੰ ਲਾਇਆ ਜਾ ਸਕਦਾ ਹੈ। ਇਸ ਰੁੱਖ ਦੇ ਪੱਤੇ, ਫੁੱਲ, ਫਲੀਆਂ, ਛਾਲ/ਛਿੱਲ ਤੇ ਜੜ੍ਹਾਂ ਦਾ ਪ੍ਰਯੋਗ ਵੱਡੇ ਪੱਧਰ 'ਤੇ ਆਯੁਰਵੇਦਿਕ ਉਦਯੋਗ ਜਗਤ ਵਿੱਚ ਕੀਤਾ ਜਾ ਰਿਹਾ ਹੈ।

**ਲਾਭ**

ਸੁਹਾਂਜਣਾ ਤੋਂ ਪ੍ਰੋਟੀਨ, ਕੈਲਸ਼ੀਅਮ, ਆਇਰਨ, ਵਿਟਾਮਿਨ ਏ, ਸੀ, ਈ, ਕੇ, ਬੀ-6 ਤੋਂ ਇਲਾਵਾ ਕੈਂਸਰ ਵਿਰੋਧੀ ਗੁਣ, ਰੋਗ ਪ੍ਰਤੀਰੋਧਕ ਸ਼ਕਤੀ ਵਾਲੀ ਊਰਜਾ, ਸ਼ੱਕਰ ਰੋਗ ਤੋਂ ਨਿਜ਼ਾਤ, ਬਲੱਡ ਪ੍ਰੈਸ਼ਰ ਨੂੰ ਠੀਕ ਰੱਖਣ ਵਿੱਚ ਮੱਦਦ, ਹੱਡੀਆਂ ਅਤੇ ਜੋੜਾਂ ਦੇ ਦਰਦ ਤੋਂ ਰਾਹਤ, ਪਾਚਨ-ਤੰਤਰ ਨੂੰ ਮਜ਼ਬੂਤ ਕਰਨ, ਖੂਨ ਦੇ ਵਾਧੇ ਲਈ ਸਹਾਇਕ ਆਦਿ ਗੁਣਾਂ ਨਾਲ ਭਰਪੂਰ ਹਰਬਲ ਪਲਾਂਟ ਦੇ ਰੂਪ ਵਿੱਚ ਮਨੁੱਖੀ ਸੇਵਾਦਾਰ ਦੀ ਭੂਮਿਕਾ ਨਿਭਾ ਰਿਹਾ ਹੈ।

**ਸਾਵਧਾਨੀਆਂ**

ਗਰਭ ਦੌਰਾਨ ਸੁਹਾਂਜਣੇ ਦਾ ਕਿਸੇ ਵੀ ਰੂਪ ਵਿੱਚ ਪ੍ਰਯੋਗ ਤੋਂ ਪਰਹੇਜ਼, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਦਵਾਈ ਖਾਣ ਵਾਲਿਆਂ ਨੂੰ ਇਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਕਈ ਵਾਰੀ ਇਸ ਦੇ ਪ੍ਰਯੋਗ ਨਾਲ ਪੇਟ ਦਰਦ ਅਤੇ ਦਸਤ ਦੀਆਂ ਸ਼ਿਕਾਇਤਾਂ ਵੀ ਵੇਖਣ ਨੂੰ ਮਿਲਦੀਆਂ ਹਨ।

**ਵਿਦਿਆਰਥੀ ਵਰਗ ਲਈ ਲਾਹੇਵੰਦ**

ਵੱਖ-ਵੱਖ ਸੂਬਿਆਂ ਦੇ ਸਕੂਲਾਂ ਵਿੱਚ ਮਿਡ-ਡੇ ਮੀਲ ਦੀ ਸ਼ੁਰੂਆਤ ਹੋ ਰਹੀ ਹੈ। ਸੁਹਾਂਜਣਾ ਨੂੰ ਸੁਪਰ ਫੂਡ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਲਈ ਸਿੱਖਿਆ ਵਿਭਾਗ ਦੀਆਂ ਅਨੁਭਵੀ ਸ਼ਖਸੀਅਤਾਂ ਦੇ ਮਾਰਗ-ਦਰਸ਼ਨ ਨਾਲ ਸੁਹਾਂਜਣਾ ਨੂੰ ਮਿਡ-ਡੇਅ-ਮੀਲ ਸਕੀਮ ਵਿੱਚ ਸ਼ਾਮਿਲ ਕਰਨ ਵੱਲ ਪਹਿਲਕਦਮੀ ਕਰਨੀ ਸਮੇਂ ਦੀ ਜ਼ਰੂਰਤ ਹੈ। ਸਕੂਲਾਂ ਵਿੱਚ ਹਰਬਲ ਗਾਰਡਨ ਸਕੀਮ ਤਹਿਤ ਸੁਹਾਂਜਣਾ ਦੇ ਪੌਦਿਆਂ ਨੂੰ ਵੱਧ ਤੋਂ ਵੱਧ ਲਾਉਣ ਵੱਲ ਵਿਸ਼ੇਸ਼ ਧਿਆਨ ਦੀ ਜ਼ਰੂਰਤ ਹੈ, ਤਾਂ ਜੋ ਸਕੂਲਾਂ ਦੇ ਮਿਡ-ਡੇਅ-ਮੀਲ ਯੂਨਿਟਾਂ ਵਿੱਚ ਇਹ ਸਸਤੇ ਰੇਟ ਵਿੱਚ ਮੁਹੱਈਆ ਹੋ ਸਕੇ।

**ਕਿਸਮਾਂ**

ਭਾਰਤ ਵਿੱਚ ਖਾਸ ਤੌਰ 'ਤੇ ਦੱਖਣੀ ਭਾਰਤ ਵਿੱਚ ਸੁਹਾਂਜਣਾ ਦੀਆਂ ਸੁਧਰੀਆਂ ਹੋਈਆਂ ਕਿਸਮਾਂ ਦਾ ਪ੍ਰਯੋਗ ਖੇਤੀ ਖੇਤਰ ਵਿੱਚ ਕੀਤਾ ਜਾ ਰਿਹਾ ਹੈ। ਪੀ. ਕੇ. ਐਮ.-1, ਪੀ. ਕੇ. ਐਮ.-2, ਜਾਫਨਾ ਕਿਸਮ, ਓ. ਡੀ. ਸੀ.-3 ਦਾ ਪ੍ਰਯੋਗ ਮੁੱਖ ਰੂਪ ਵਿੱਚ ਦੱਖਣੀ ਭਾਰਤ ਦੇ ਕਿਸਾਨ ਰਹੇ ਹਨ, ਜਿੱਥੇ ਮੰਡੀਕਰਨ ਆਸਾਨੀ ਨਾਲ ਕਿਸਾਨਾਂ ਲਈ ਮੁਹੱਈਆ ਹੈ, ਜਦੋਂਕਿ ਉੱਤਰ ਭਾਰਤ ਵਿੱਚ ਕੌੜਾ ਸੁਹਾਂਜਣਾ ਹੀ ਸਥਾਨਕ ਲੋਕਾਂ ਦੀ ਪੂਰਤੀ ਲਈ ਉਗਾਇਆ ਜਾ ਰਿਹਾ ਹੈ।

**ਹਰਬਲ ਪਲਾਂਟਸ**

ਉੱਤਰੀ ਭਾਰਤ ਵਿੱਚ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹਰਬਲ ਪਲਾਂਟਸ ਉਦਯੋਗ ਨੂੰ ਹੁਲਾਰਾ ਦੇਣ ਤਾਂ ਜੋ ਕਣਕ ਅਤੇ ਜੀਰੀ ਦੇ ਫ਼ਸਲੀ-ਚੱਕਰ ਤੋਂ ਨਿਜਾਤ ਅਤੇ ਵਾਤਾਵਰਨ ਦੀ ਸੰਭਾਲ ਹੋ ਸਕੇ। ਸਰਕਾਰਾਂ ਦੇ ਨਾਲ-ਨਾਲ ਡਾਬਰ, ਪਤੰਜਲੀ, ਵੈਦਿਆਨਾਥ, ਹਿਮਾਲਿਆ, ਵੈਲਨੈਸ, ਚਰਕ ਫਰਮਾ, ਹਮਦਰਦ ਆਦਿ ਆਯੁਰਵੇਦਿਕ ਯੂਨਿਟਾਂ ਨੂੰ ਉੱਤਰ ਭਾਰਤ ਵਿੱਚ ਆਪਣੇ ਪ੍ਰੋਡਕਸ਼ਨ ਯੂਨਿਟ ਲਗਾਉਣੇ ਚਾਹੀਦੇ ਹਨ, ਤਾਂ ਜੋ ਉੱਤਰੀ ਭਾਰਤ ਦੇ ਕਿਸਾਨਾਂ ਨੂੰ ਸੁਹਾਂਜਣਾ ਅਤੇ ਹੋਰ ਜੜ੍ਹੀ-ਬੂਟੀਆਂ ਨੂੰ ਵੇਚਣ ਲਈ ਇੱਧਰ-ਉੱਧਰ ਨਾ ਭੱਜਣਾ ਪਵੇ।

ਓਮ ਪ੍ਰਕਾਸ਼, ਮੋ. 76962-77109

# ਸਾਫ ਹਵਾ ਵਿੱਚ ਸਾਹ ਲੈਣ ਦੀ ਆਜ਼ਾਦੀ ਅਜੇ ਦੂਰ

ਰਾਜ ਕੁਮਾਰ ਸਿੰਘ

ਅਰਸੇ ਬਾਅਦ ਹੋਇਆ ਹੈ ਕਿ ਸੱਤਾ ਪੱਖ ਅਤੇ ਵਿਰੋਧੀ ਧਿਰ ਕਿਸੇ ਮੁੱਦੇ ’ਤੇ ਸੰਸਦ ਵਿੱਚ ਚਰਚਾ ਲਈ ਸਹਿਮਤ ਹੋ ਗਏ । ਹੱਲ ਤਾਂ ਪਤਾ ਨਹੀਂ ਪਰ ਇਹ ਵੀ ਸੰਤੋਖ ਦੀ ਗੱਲ ਹੈ ਕਿ ਸੰਸਦ ਦਿੱਲੀ-ਐੱਨ. ਸੀ. ਆਰ. ਵਿੱਚ ਸਾਹਾਂ ’ਤੇ ਗਹਿਰਾਉਂਦੇ ਸੰਕਟ ’ਤੇ ਚਰਚਾ ਕਰੇਗੀ । ‘ਵੰਦੇ ਮਾਤਰਮ’ ਅਤੇ ‘ਚੋਣ ਸੁਧਾਰ’ ’ਤੇ ਸਿਆਸੀ ਤਕਰਾਰ ਤੋਂ ਬਾਅਦ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਜ਼ੀਰੋਕਾਲ ਵਿੱਚ ਹਵਾ ਪ੍ਰਦੂਸ਼ਣ ਦਾ ਮੁੱਦਾ ਉਠਾਉਂਦੇ ਹੋਏ ਪੇਸ਼ਕਸ਼ ਕੀਤੀ ਕਿ ਸੱਤਾਪੱਖ ਅਤੇ ਵਿਰੋਧੀ ਧਿਰ ਸਦਨ ਵਿੱਚ ਚਰਚਾ ਕਰ ਕੇ ਹੱਲ ਲੱਭਣ, ਤਾਂ ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਨੇ ਵੀ ਚਰਚਾ ਲਈ ਸਰਕਾਰ ਦੀ ਸਹਿਮਤੀ ਜਤਾਈ ।

ਛੁੱਟੀ ਦਾ ਦਿਨ ਹੋਣ ਦੇ ਬਾਵਜੂਦ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏ. ਕਿਊ. ਆਰ.) ਛਾਲ ਲਾਉਂਦੇ ਹੋਏ 400 ’ਤੇ ਪਹੁੰਚ ਗਿਆ । ਨਤੀਜਤਨ ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (ਗ੍ਰੈਪ) ਇੱਕ ਹੀ ਦਿਨ ਵਿੱਚ ਦੋ ਵਾਰ ਅਪਡੇਟ ਕਰਨਾ ਪਿਆ । ਆਮ ਤੌਰ ’ਤੇ ਗ੍ਰੈਪ ਲਾਗੂ ਕਰਨ ਜਾਂ ਹਟਾਉਣ ਦਾ ਫੈਸਲਾ ਦੇਰ ਸ਼ਾਮ ਤੱਕ ਕੀਤਾ ਜਾ ਰਿਹਾ ਹੈ, ਤਾਂਕਿ ਅਗਲੇ ਦਿਨ ਤੋਂ ਲੋਕ ਉਸ ’ਤੇ ਅਮਲ ਕਰ ਸਕਣ ਪਰ 13 ਦਸੰਬਰ ਨੂੰ ਇਹ ਕੰਮ ਦਿਨ ਵਿੱਚ ਦੋ ਵਾਰ ਕਰਨਾ ਪਿਆ । ਹਾਲਾਂਕਿ ਹੁਣ ਸਰਕਾਰੀ ਅੰਕੜੇ ਬਹੁਤ ਭਰੋਸੇਯੋਗ ਨਹੀਂ ਰਹਿ ਗਏ ਹਨ ਪਰ ਉਨ੍ਹਾਂ ਮੁਤਾਬਿਕ ਵੀ ਦੁਪਹਿਰ ਤੱਕ ਦਿੱਲੀ ਵਿੱਚ ਏ. ਕਿਊ. ਆਈ. 431 ਹੋ ਗਿਆ ਜਿਸ ਦੇ ਕਾਰਨ ਪਹਿਲਾਂ ਤੋਂ ਲਾਗੂ ਗ੍ਰੈਪ-2 ਨੂੰ ਗ੍ਰੈਪ-3 ਵਿੱਚ ਬਦਲਣਾ ਪਿਆ ਤਾਂ ਸ਼ਾਮ ਹੁੰਦੇ-ਹੁੰਦੇ ਏ. ਕਿਊ. ਆਈ. 441 ਹੋ ਗਿਆ । ਨਤੀਜਤਨ ਡੂੰਘੇ ਹੁੰਦੇ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ ਹਵਾ ਦੀ ਗੁਣਵੱਤਾ ਕਮਿਸ਼ਨ ਦੀ ਸਬ ਕਮੇਟੀ ਨੇ ਪੂਰੇ ਦਿੱਲੀ- ਐੱਨ. ਸੀ. ਆਰ. ਵਿੱਚ ਗ੍ਰੈਪ-4 ਦੇ ਤਹਿਤ ਪਾਬੰਦੀ ਲਗਾਉਣ ਦਾ ਐਲਾਨ ਕਰ ਦਿੱਤਾ । ਫਿਰ ਵੀ ਏ. ਕਿਊ. ਆਈ. 500 ਤੱਕ ਪਹੁੰਚ ਗਿਆ । ਦੇਸ਼ ਦੇ ਦਿਲ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਇਸ ਸਾਲ ਸਭ ਤੋਂ ਖਰਾਬ ਮੰਨੀ ਜਾ ਰਹੀ ਹੈ ।



ਖਾਸ ਕਰ ਕੇ ਬੱਚਿਆਂ ਅਤੇ ਬਜ਼ੁਰਗਾਂ ਲਈ ਜਾਨਲੇਵਾ ਹਵਾ ਪ੍ਰਦੂਸ਼ਣ ਦਾ ਇਹ ਆਲਮ ਉਦੋਂ ਹੈ, ਜਦੋਂ ਦਿੱਲੀ ਸਰਕਾਰ ਪ੍ਰਦੂਸ਼ਣ ਕੰਟਰੋਲ ਲਈ ਆਪਣੀ ਪਿੱਠ ਖੁਦ ਥਾਪੜ ਰਹੀ ਹੈ । ਹੁਣੇ ਜਿਹੇ ਦਾਅਵਾ ਕੀਤਾ ਗਿਆ ਕਿ ਦੀਵਾਲੀ ’ਤੇ ਪਟਾਕੇ ਚਲੇ ਅਤੇ ਆਡ-ਈਵਨ ਦੇ ਤਹਿਤ ਕਾਰਾਂ-ਬਾਜ਼ਾਰਾਂ ’ਤੇ ਪਾਬੰਦੀ ਵੀ ਨਹੀਂ ਲਗਾਈ, ਫਿਰ ਵੀ ਹਵਾ ਪ੍ਰਦੂਸ਼ਣ ਪਿਛਲੇ ਸਾਲ ਦੇ ਮੁਕਾਬਲੇ ਕੰਟਰੋਲ ਵਿੱਚ ਰਿਹਾ । ਸਰਕਾਰ ਦੀ ਆਤਮ ਸੰਤੁਸ਼ਟੀ ਦਾ ਪੈਮਾਨਾ 100 ਤੱਕ ਵੀ ਏ. ਕਿਊ. ਆਈ. ਸੰਤੋਖਜਨਕ ਮੰਨਿਆ ਜਾਂਦਾ ਹੈ ਪਰ ਦਿੱਲੀ ਵਾਲਿਆਂ ਨੂੰ ਸਾਲ ਵਿੱਚ ਉਂਗਲੀਆਂ ’ਤੇ ਗਿਣੇ ਜਾ ਸਕਣ ਵਾਲੇ ਦਿਨ ਹੀ ਸਾਫ ਹਵਾ ਨਸੀਬ ਹੋ ਪਾਉਂਦੀ ਹੈ, ਨਹੀਂ ਤਾਂ ਪੂਰੇ ਐੱਨ. ਸੀ. ਆਰ. ਵਿੱਚ ਲੋਕ ਜ਼ਹਿਰੀਲੀ ਹਵਾ ਵਿੱਚ ਸਾਹ ਲੈਣ ਨੂੰ ਮਜ਼ਬੂਰ ਹਨ । ਦੀਵਾਲੀ ਦੇ ਆਲੇ-ਦੁਆਲੇ ਤਾਂ ਏ. ਕਿਊ. ਆਈ. 900-1000 ਤੱਕ ਪਹੁੰਚ ਜਾਂਦਾ ਹੈ ।

ਬੇਸ਼ੱਕ ਦਿੱਲੀ-ਐੱਨ. ਸੀ. ਆਰ. ਵਾਸੀਆਂ ਲਈ ਸਾਹਾਂ ਦਾ ਇਹ ਸੰਕਟ ਨਵਾਂ ਨਹੀਂ ਹੈ । ਇੱਕ ਦਹਾਕੇ ਤੋਂ ਤਾਂ ਉਹ ਸੰਕਟ ਝੱਲ ਹੀ ਰਹੇ ਹਨ ਜਿਸ ਦਾ ਠੀਕਰਾ ਹਮੇਸ਼ਾ ਦੀਵਾਲੀ ’ਤੇ ਚਲਾਏ ਜਾਣ ਵਾਲੇ ਪਟਾਕੇ ਅਤੇ ਗੁਆਂਢੀ ਸੂਬਿਆਂ ਵਿੱਚ ਸਾੜੀ ਜਾਣ ਵਾਲੀ ਪਰਾਲੀ ਦੇ ਸਿਰ ਭੰਨ੍ਹ ਦਿੱਤਾ ਜਾਂਦਾ ਹੈ । ਦਿੱਲੀ ਸਰਕਾਰ ਦੀ ਪੈਰਵੀ ’ਤੇ ਸੁਪਰੀਮ ਕੋਰਟ ਨੇ ਇਸੇ ਸਾਲ, ਅਰਸੇ ਬਾਅਦ ਦੀਵਾਲੀ ’ਤੇ ਸੀਮਿਤ ਮਿਆਦ ਲਈ ਗ੍ਰੀਨ ਪਟਾਕਿਆਂ ਦੀ ਇਜਾਜ਼ਤ ਦਿੱਤੀ ਸੀ । ਅਗਲੇ ਦਿਨ ਏ. ਕਿਊ. ਆਈ. ਖਤਰਨਾਕ ਸ਼੍ਰੇਣੀ ਵਿੱਚ ਪਹੁੰਚ ਜਾਣਾ ਮਿਆਦ ਦੀ ਹੱਦ ਅਤੇ ਗ੍ਰੀਨ ਪਟਾਕਿਆਂ ਦੀ ਵਿਵਹਾਰਕਤਾ, ਦੋਹਾਂ ’ਤੇ ਹੀ ਸਵਾਲੀਆ ਨਿਸ਼ਾਨ ਲਗਾ ਗਿਆ ।

ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ (ਸੀ. ਐੱਸ. ਈ.) ਦਾ ਮੰਨਣਾ ਹੈ ਕਿ ਪਰਾਲੀ ਹੁਣ ਮੁੱਖ ਖਲਨਾਇਕ ਨਹੀਂ ਹੈ । ਪੰਜਾਬ ਅਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਘਟੀਆਂ ਹਨ ਅਤੇ ਹਵਾ ਪ੍ਰਦੂਸ਼ਣ ਵਿਚ ਸਥਾਨਕ ਕਾਰਨਾਂ ਦਾ ਯੋਗਦਾਨ 85 ਫ਼ੀਸਦੀ ਤੱਕ ਹੈ । ਅਕਤੂਬਰ-ਨਵੰਬਰ ਵਿੱਚ ਜ਼ਿਆਦਾਤਰ ਦਿਨਾਂ ਵਿੱਚ ਹਵਾ ਦੇ ਪ੍ਰਦੂਸ਼ਣ ਵਿੱਚ ਪਰਾਲੀ ਦਾ ਯੋਗਦਾਨ 5 ਫ਼ੀਸਦੀ ਦੇ ਆਲੇ-ਦੁਆਲੇ ਹੀ ਰਿਹਾ । ਸੀ. ਐੱਸ. ਈ. ਦਾ ਅਧਿਐਨ ਇਹ ਵੀ ਦੱਸਦਾ ਹੈ ਕਿ ਹਵਾ ਪ੍ਰਦੂਸ਼ਣ ਲਈ ਮੁੱਖ ਖਲਨਾਇਕ ਵਾਹਨ, ਉਦਯੋਗ, ਬਿਜਲੀ ਪਲਾਂਟ ਅਤੇ ਭਵਨ ਨਿਰਮਾਣ ਆਦਿ ਹਨ ।

ਪੂਰੇ ਦੇਸ਼ ਦੀ ਤਾਂ ਛੱਡੋ, ਰਾਜਧਾਨੀ ਦਿੱਲੀ ਅਤੇ ਐੱਨ. ਸੀ. ਆਰ. ਵਿੱਚ ਵੀ ਜਨਤਕ ਟਰਾਂਸਪੋਰਟ ਵਿਵਸਥਾ ਦੀ ਬਦਹਾਲੀ ਕਿਸੇ ਤੋਂ ਲੁਕੀ ਨਹੀਂ ਹੈ । ਪਿਛਲੇ ਇੱਕ ਦਹਾਕੇ ਵਿੱਚ ਵੀ ਮੈਟ੍ਰੋ ਦੇ ਵਿਸਤਾਰ ਅਤੇ ਗਿਣਤੀ ਦੀਆਂ ਇਲੈਕਟ੍ਰਿਕ ਬੱਸਾਂ ਤੋਂ ਇਲਾਵਾ ਜਨਤਕ ਟਰਾਂਸਪੋਰਟ ਨੂੰ ਭਰੋਸੇਯੋਗ ਬਣਾਉਣ ਦੀ ਦਿਸ਼ਾ ਵਿੱਚ




ਕੁੱਝ ਖਾਸ ਨਹੀਂ ਕੀਤਾ ਗਿਆ । ਇਸ ਲਈ ਲੋਕ ਆਪਣੇ ਸਮਰੱਥਾ ਅਨੁਸਾਰ ਨਿੱਜੀ ਵਾਹਨਾਂ ਦੀ ਵਰਤੋਂ ਕਰਨ ਨੂੰ ਮਜ਼ਬੂਰ ਹੁੰਦੇ ਹਨ । ਫਿਟਨੈੱਸ ਦੀ ਮਿਆਦ ਅਤੇ ਪ੍ਰਦੂਸ਼ਣ ਕੰਟਰੋਲ ਪ੍ਰਮਾਣ ਪੱਤਰ ਨੂੰ ਵੀ ਨਜ਼ਰਅੰਦਾਜ਼ ਕਰ ਕੇਪੁਰਾਣੀਆਂ ਨਿੱਜੀ ਕਾਰਾਂ ’ਤੇ ਪਾਬੰਦੀ ਨਾਲ ਲੋਕਾਂ ਦੇ ਕੰਮਕਾਜ ਅਤੇ ਅਰਥਵਿਵਸਥਾ ’ਤੇ ਨਾਂਹਪੱਖੀ ਅਸਰ ਪੈਂਦਾ ਹੈ ।

ਸੁਪਰੀਮ ਕੋਰਟ ਸਾਹ ਲੈਣ ਲਾਇਕ ਸਾਫ ਹਵਾ ਨਾਗਰਿਕਾਂ ਦਾ ਮੌਲਿਕ ਅਧਿਕਾਰ ਦੱਸ ਚੁੱਕੀ ਹੈ ਪਰ ਉਸ ਦੀ ਉਲੰਘਣਾ ਕਰਨ ਵਾਲਿਆਂ ਦੇ ਵਿਰੁੱਧ ਕਾਰਵਾਈ ਦੀ ਹੁਣ ਤੱਕ ਉਡੀਕ ਹੈ । ਆਯੁਸ਼ਮਾਨ ਕਾਰਡ ਦਾ ਨਾਅਰਾ ਦੇਣ ਵਾਲੀ ਸਰਕਾਰ ਹਵਾ ਦੇ ਪ੍ਰਦੂਸ਼ਣ ਦੇ ਕਾਰਨ ਦਿੱਲੀ-ਐੱਨ. ਸੀ. ਆਰ. ਵਾਸੀਆਂ ਦੀ ਉਮਰ 8-10 ਸਾਲ ਘੱਟ ਹੋਣ ਦਾ ਖਦਸ਼ੇ ਵਾਲੇ ਅਧਿਐਨਾਂ ਤੋਂ ਕਿਵੇਂ ਮੂੰਹ ਫੇਰ ਸਕਦੀ ਹੈ ? ਪਦਮ ਪੁਰਸਕਾਰ ਨਾਲ ਸਨਮਾਨਿਤ 80 ਤੋਂ ਵੱਧ ਡਾਕਟਰਾਂ ਨੇ ਦਸੰਬਰ ਦੇ ਪਹਿਲੇ ਹਫ਼ਤੇ ਵਿੱਚ ਦੇਸ਼ ਭਰ ਵਿੱਚ ਖਤਰਨਾਕ ਪੱਧਰ ’ਤੇ ਪਹੁੰਚ ਚੁੱਕੇ ਪ੍ਰਦੂਸ਼ਣ ਨੂੰ ਹੈਲਥ ਐਮਰਜੈਂਸੀ ਕਰਾਰ ਦਿੱਤਾ ਸੀ ।

ਤ੍ਰਾਸਦੀ ਇਹ ਹੈ ਕਿ ਉਸੇ ਦਿਸ਼ਾ ਵਿੱਚ ਚਿੰਤਾ ਜਤਾਉਣ ਤੋਂ ਅੱਗੇ, ਕੋਈ ਪਹਿਲ ਵੀ ਨਜ਼ਰ ਨਹੀਂ ਆਉਂਦੀ । ਸਾਲ ਦਰ ਸਾਲ ਨਿਰਾਸ਼ਾ ਦੇ ਬਾਵਜੂਦ, ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸੰਸਦ ਇਸ ਮੁੱਦੇ ’ਤੇ ਦਲਗਤ ਰਾਜਨੀਤੀ ਤੋਂ ਉੱਪਰ ਉੱਠ ਕੇ ਚਰਚਾ ਕਰੇਗੀ ਅਤੇ ਕੁੱਝ ਠੋਸ ਅਤੇ ਨਤੀਜਾ ਮੁੱਖੀ ਰਣਨੀਤਿਕ ਉਪਾਵਾਂ ’ਤੇ ਸਹਿਮਤ ਵੀ ਹੋਵੇਗੀ ।

# ਗੁਰਪੁਰਬ ਮਨਾਉਣ ਦੇ ਨਾਲ ਕੁਦਰਤੀ ਵਾਤਾਵਰਣ ਸੰਭਾਲਣਾ ਅਤਿ ਜ਼ਰੂਰੀ ਹੈ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਖੁਸ਼ੀ ਮਨਾਉਣਾ ਮਨੁੱਖੀ ਜੀਵਨ ਦਾ ਲੋੜੀਂਦਾ ਹਿੱਸਾ ਹੈ । ਮਨੁੱਖੀ ਜ਼ਰੂਰਤਾਂ ਦੇ ਨਾਲ-ਨਾਲ ਕੁਦਰਤ ਨੂੰ ਬਰਕਰਾਰ ਰੱਖਣਾ ਵੀ ਇਨਸਾਨ ਦੇ ਭਲੇ ਲਈ ਹੈ । ਖੁਸ਼ੀਆਂ ਵਿਅਕਤੀ ਦੇ ਜੀਵਨ ਦਾ ਅਟੁੱਟ ਅੰਗ ਹੈ । ਆਪਣੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਨੈਤਿਕਤਾ ਵਾਲੇ ਖੁਸ਼ੀਆਂ ਦੇ ਪਲ ਬਤੀਤ ਕਰਨਾ ਅਤੇ ਵਿਚਾਰ, ਮਾਤ-ਭਾਸ਼ਾ ਤੇ ਸਭਾਵਾਂ ਕਰਨੀਆਂ ਮਨੁੱਖੀ ਅੰਗ ਹਨ । ਜਿਸ ਨਾਲ ਜੀਵਨ ਸੁੱਖਦਾਇਕ ਗੁਜ਼ਰਦਾ ਹੈ । ਹੁਣ ਥੋੜ੍ਹੇ ਸਮੇਂ ਨੂੰ ਸਾਡੇ ਸਮਾਜਿਕ ਤਿਉਹਾਰ ਆ ਰਹੇ ਹਨ ਅਤੇ ਪਿਛਲੇ ਦਿਨਾਂ ਵਿੱਚ ਗੁਰੂਆਂ ਦੇ ਤਿੱਥ ਮਨਾਉਣ ਲਈ ਤਿਆਰੀਆਂ ਹੋ ਰਹੀਆਂ ਹਨ । ਬਹੁਤ ਚੰਗੀ ਮਾਹੌਲ ਸਿਰਜਦੀ ਪਲਾਂ ਦੀ ਲੜੀ ਆ ਰਹੀ ਹੈ ਅਤੇ ਵਿਅਕਤੀ ਨੂੰ ਇੱਕ ਤਾਕਤ ਦੀ ਕਲਾ ਪ੍ਰਦਾਨ ਕਰਦੀ ਹੈ । ਬਹੁੱਤ ਹੀ ਸਲੀਕੇ ਵਾਲੀ ਗੱਲ ਬਣ ਇਤਿਹਾਸਕ ਮੰਜ਼ਰ ਖੜ੍ਹਾ ਹੋ ਜਾਂਦਾ ਹੈ । ਇਹ ਸਭ ਸਮੇਂ ਦੀਆਂ ਕਦਰਾਂ ਕੀਮਤਾਂ ਦਾ ਮੁੱਲ ਪਾਉਣਾ ਵਿਅਕਤੀ ਕਾਰਜ ਹੈ । ਵੱਡੀ ਪੱਧਰ ਦੇ ਉਪਰਾਲੇ ਕਰਨੇ ਬਹੁਤ ਮਿਹਨਤ ਦਾ ਕੰਮ ਹੈ, ਜਿਵੇਂ ਪੌਦਾ ਲਾਉਣ ਨਾਲੋਂ ਉਸਨੂੰ ਪਾਲਣਾ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ । ਜਿਹੜਾ ਵੀ ਜ਼ਿੰਦਗੀ ਵਿੱਚ ਕੰਮ ਕਰਨਾ ਸ਼ੁਰੂ ਕਰਦੇ ਹਾਂ, ਉਸਨੂੰ ਸੰਭਾਲਣਾ ਸਾਡੀ ਜ਼ਿੰਮੇਵਾਰੀ ਹੈ । ਕੁਦਰਤ ਦੀ ਕਾਇਨਾਤ ਨੂੰ ਸੰਭਾਲਣਾ, ਦੇਖ ਭਾਲ ਕਰਨਾ ਬਹੁਤ ਜ਼ਰੂਰੀ ਹੈ । ਖੁਸ਼ੀਆਂ ਦੇ ਦਿਨ ਮਨਾਉਣ ਨਾਲ ਕੁਦਰਤ ਦੇ ਜਾਲ ਵਿੱਚ ਮੋਰੀਆਂ ਕਰਨਾ ਲਾਭ ਤੋਂ ਪਰੇ ਦੀ ਗੱਲ ਹੈ । ਗੁਰੂ ਪੁਰਬਾਂ ਤੇ ਲੰਗਰ ਲੱਗਣੇ ਚੰਗੀ ਗੱਲ ਹੈ । ਕੁਦਰਤੀ ਸੋਮਿਆਂ ਨਾਲ ਛੇੜ ਛਾੜ ਕਰਨੀ, ਵਾਤਾਵਰਨ ਨੂੰ ਠੋਕਰ ਮਾਰਨੀ, ਗੰਦ ਪਾਉਣਾ, ਸਫ਼ਾਈ ਦੀ ਘਾਟ, ਕੂੜਾ-ਕੱਚਰਾ ਫੈਲਾਉਣਾ ਸਭ ਗੱਲਾਂ ਕੁਦਰਤ ਨਾਲ ਖਿਲਵਾੜ ਹਨ । ਦਰੱਖਤਾਂ ਦੀ ਬੇਹੱਦ ਕਟਾਈ ਇੱਕ ਚਿੰਤਾ ਦਾ ਵਿਸ਼ਾ ਹੈ । ਜੋ ਬਹੁਤ ਹੀ ਵਿਚਾਰਵਾਨ ਖੇਤਰ ਨੂੰ ਛੂੰਹਦਾ ਹੈ । ਇਹ ਕੁਦਰਤੀ ਵਸਤੂਆਂ ਨੂੰ ਹਿਲਾਉਂਦਾ ਹੈ । ਜੀਵ-ਜੰਤੂਆਂ ਦੀ ਹੱਤਿਆ ਕਰਕੇ ਮਨੁੱਖ ਹੀ ਕੁਦਰਤ ਨੂੰ ਦੁੱਖ ਦੇ ਰਿਹਾ ਹੈ । ਇਹ ਖਿਲਵਾੜ ਕਰਕੇ ਮਨੁੱਖ ਦੁੱਖਾਂ ਦੀ ਨਦੀ ਵਿੱਚ ਰੁੱੜ ਰਿਹਾ ਹੈ । ਵੱਡੇ-ਵੱਡੇ ਪੰਡਾਲ ਲਾ ਕੇ ਛੋਟੇ-ਵੱਡੇ ਤਿਉਹਾਰਕ, ਇਤਿਹਾਸਕ ਫੰਕਸ਼ਨਾਂ ’ਤੇ ਬੇਹੱਦ ਖਰਚ ਕਰਕੇ ਗੰਦ ਨੂੰ ਜਨਮ ਦਿੱਤਾ ਜਾਂਦਾ ਹੈ । ਵਿਆਹ ਸ਼ਾਦੀਆਂ ’ਤੇ ਬਹੁਤ ਜ਼ਿਆਦਾ ਖਰਚ ਕਰ ਕੇ ਮਨੁੱਖ ਦੁੱਖਾਂ ਦੀ ਭੱਠੀ ਵਿੱਚ ਸੜ ਕੇ ਸੁਆਹ ਹੋ ਰਿਹਾ ਹੈ । ਰੋਟੀ ਖਾ ਕੇ ਪਾਇਆ ਗੰਦ ਸਮਾਜ ਦਾ ਜ਼ਹਿਰੀਲਾ ਪੱਖ ਬਣ ਗਿਆ ਹੈ । ਸਾਰਿਆਂ ਨੂੰ ਜ਼ਖਮੀ ਪਲ ਵਿਚੋਂ ਗੁਜ਼ਰਨ ਲਈ ਮਜ਼ਬੂਰ ਕਰਦਾ ਹੈ । ਗੁਰੂ ਪੂਰਬਾਂ ’ਤੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਨਾ, ਅਵਾਜ਼ਾ ਦਾ ਸ਼ੋਰ, ਬਚੇ ਹੋਏ ਖਾਣੇ ਨੂੰ ਕੂੜੇਦਾਨ ਵਿੱਚ ਪਾਉਣਾ, ਸਭ ਕੁਦਰਤ ਦੇ ਉਲਟ ਹੈ । ਮਨੁੱਖ ਗਲਤ ਰਸਤਾ ਫੜ ਕੇ ਤਕਲੀਫਾਂ, ਬਿਮਾਰੀਆਂ, ਮਨ ਇੱਕ ਥਾਂ ਨਾ ਟਿੱਕਣ ਦਾ ਸਿੱਟਾ ਆਪ ਦੇ ਸਾਹਮਣੇ ਹੈ । ਇਸ ਲਈ ਕੁਦਰਤੀ ਛੇੜ ਛਾੜ ਦਾ ਗੁਰਬਾਣੀ ਵੀ ਖੰਡਨ ਕਰਦੀ ਹੈ । ਵਾਤਾਵਰਨ ਸੰਬੰਧੀ ਕੁਦਰਤੀ ਅਵਸਥਾ, ਕੁਦਰਤ ਨਾਲ ਛੇੜ ਛਾੜ ਬਾਰੇ ਮਨੁੱਖ ਨੂੰ ਸ਼ਬਦਾ ਰਾਹੀਂ ਠੋਕਰਾਂ ਦਿੰਦੀ ਹੈ । ਸ਼ੁੱਧ ਮਨ ਵਿੱਚ ਸ਼ੁੱਧ ਤਨ ਹੀ ਕੁਦਰਤੀ ਦਾਤ ਹੈ । ਜੇ ਕੁਦਰਤੀ ਬਣੇ ਤਨ ਨੂੰ ਛੇੜ ਛਾੜ ਕਰਕੇ ਮਨ ਦੀ ਸ਼ਾਂਤੀ ਨੂੰ ਭੰਗ ਕਰ ਬੈਠਾਂਗੇ ਤਾਂ ਸਾਰਾ ਮਨੁੱਖ ਜੀਵਨ ਨਰਕਾਂ ਦੀ ਭੱਠੀ ਬਰਾਬਰ ਬਣ ਜਾਵੇਗਾ । ਕੁਦਰਤ ਨਾਲ ਛੇੜ ਛਾੜ ਕਰਨਾ ਬਹੁਤ ਵੱਡਾ ਪਾਪ ਹੈ ।

## ਗੀਤ

ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਭਾਰਤ ਦੇ ਸਿਰ ਉੱਤੇ ਤਾਜ ਜਵਾਨੀ ਗੁਰੂ ਤੇਗ ਬਹਾਦਰ ਦੀ ।
ਹਿੰਦੂਆਂ ਲਈ ਕੁਰਬਾਨੀ ਦੇ ਕੇ ਹਿੰਦ ਦੀ ਚਾਦਰ ਅਖਵਾਏ ।
ਧਰਮ ਜ਼ਮੀਰ ਆਜ਼ਾਦੀ ਤੇ ਬਲਸ਼ਾਲੀ ਵਾਲੇ ਜਜ਼ਬੇ ਪਾਏ ।
ਸਾਰੇ ਵਿਸ਼ਵ ਵਿੱਚ ਸਬਰ ਸੰਤੋਖ ਨਿਸ਼ਾਨੀ ਗੁਰੂ ਤੇਗ ਬਹਾਦਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਭਾਈ ਜੈਤਾ ਜੀ ਨੇ ਸੱਚੇ ਅਨੁਯਾਈ ਦੇ ਫ਼ਰਜ਼ ਨਿਭਾਏ ।
ਇਸ ਕਰਕੇ ਹੀ ਰੰਘਰੇਟਾ ਗੁਰੂ ਕਾ ਬੇਟਾ ਸੀ ਕਹਿਲਾਏ ।
ਇਤਿਹਾਸ ਵਿੱਚ ਇੱਕ ਸਾਗਰ ਵਾਂਗ ਰਵਾਨੀ ਗੁਰੂ ਤੇਗ ਬਹਾਦਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਭਾਈ ਦਿਆਲਾ ਇੱਕ ਜ਼ਮੀਰ ਸਤੀਦਾਸ ਮਤੀਦਾਸ ਬਹਾਦੁਰ ।
ਸਭਨਾ ਅਜਬ ਸ਼ਹਾਦਤ ਪਾ ਕੇ ਕੌਮਾਂ ਵਿੱਚੋਂ ਕੱਢਿਆ ਹੈ ਡਰ ।
ਗੌਰਵ ਮਈ ਇੱਕ ਯਾਦ ਬਣੀ ਲਾਸਾਨੀ ਗੁਰੂ ਤੇਗ ਬਹਾਦੁਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਕੇਂਦਰ ਦੀ ਕੀਤੀ ਸਿਰਜਨਤਾ ।
ਜਿਸ ਵਿੱਚ ਸ਼ਕਤੀ ਭਗਤੀ ਵਾਲੀ ਫਿਰ ਭਰ ਦਿੱਤੀ ਸੀ ਪੂਰਨਤਾ ।
ਆਨੰਦਪੁਰ ਨੇ ਹਸਤੀ ਸੀ ਪਹਿਚਾਣੀ ਗੁਰੂ ਤੇਗ ਬਹਾਦਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਸੰਵੇਦਨਸ਼ੀਲ ਤਿਆਗ ਸਬਰ ਦੀ ਇੱਕ ਜੋਤੀ ਜਗਦੀ ਰਹਿਣੀ ।
ਹਰਿਮੰਦਰ ਵਿੱਚ ਏਸੇ ਕਰਕੇ ਜੋਤ ਇਲਾਹੀ ਮਘਦੀ ਰਹਿਣੀ ।
ਮਾਨਵ ਕਦਰਾਂ ਨੈਤਿਕਤਾ ਵਿੱਚ ਬਾਣੀ ਗੁਰੂ ਤੇਗ ਬਹਾਦਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ ।
ਬਾਲਮ ਜਿੱਦਾਂ ਅੰਬਰ ਦੇ ਵਿੱਚ
ਨਿੱਤ ਹੀ ਚੜ੍ਹਦੇ ਚੰਨ ਸਿਤਾਰੇ ।
ਏਦਾਂ ਸਦੀਆਂ ਤੀਕਰ ਰਹਿਣੇ
ਇਹ ਮੰਗਲ ਮਈ ਸੰਦੇਸ਼ ਨਿਆਰੇ ।
ਕੌਮਾਂ ਦੇ ਵਿਚ ਜੋਤ ਜਗੇ ਰੂਹਾਨੀ
ਗੁਰੂ ਤੇਗ ਬਹਾਦਰ ਦੀ ।
ਸੂਰਜ ਵਾਂਗੂੰ ਚਮਕ ਰਹੀ ਕੁਰਬਾਨੀ
ਗੁਰੂ ਤੇਗ ਬਹਾਦਰ ਦੀ ।



ਬਲਵਿੰਦਰ ‘ਬਾਲਮ’,
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

# ਧੁੰਦ ਦੌਰਾਨ ਯਾਤਾਯਾਤ ਅਣਗਹਿਲੀ ਤੋਂ ਬਚੋ

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜ਼ਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜ਼ਰੂਰ ਰੱਖਿਆ ਜਾਵੇ । ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ 'ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ । ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ ।



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ : 92560-66000

ਸੜਕੀ ਹਾਦਸੇ ਰੋਜ਼ਾਨਾ ਹੀ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੋਗ ਦੀ ਲਹਿਰ ਦੇ ਜਾਂਦੇ ਹਨ। ਇਹਨਾਂ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜ਼ਿੰਮੇਵਾਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ. ਸੀ. ਆਰ. ਬੀ.) ਦੀ ਸਾਲ 2023 ਰਿਪੋਰਟ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 6276 ਸੜਕ ਦੁਰਘਟਨਾਵਾਂ ਹੋਈਆਂ ਅਤੇ ਇਹਨਾਂ ਸੜਕ ਹਾਦਸਿਆਂ ਵਿੱਚ 4906 ਲੋਕਾਂ ਦੀ ਮੌਤ ਹੋ ਗਈ । ਸੜਕ ਹਾਦਸਿਆਂ ਦਾ ਸ਼ਾਮ 6 ਤੋਂ 9 ਵਜੇ ਜ਼ਿਆਦਾ ਖ਼ਤਰਨਾਕ ਰੁਝਾਨ ਸਾਹਮਣੇ ਆਇਆ ਹੈ । ਸਾਲ 2022 ਵਿੱਚ 6122 ਸੜਕ ਹਾਦਸੇ ਹੋਏ ਅਤੇ 4688 ਲੋਕ ਮੌਤ ਦਾ ਸ਼ਿਕਾਰ ਹੋਏ । ਸਾਲ 2021 ਵਿੱਚ 5871 ਸੜਕ ਹਾਦਸੇ ਹੋਏ ਤੇ ਮਰਨ ਵਾਲਿਆਂ ਦੀ ਗਿਣਤੀ 4589 ਸੀ ।

ਪੰਜਾਬ ਵਿੱਚ ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨ੍ਹਾਂ ਹੈਲਮੇਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ ਅਤੇ ਸੂਬੇ ਵਿੱਚ ਪੁਲਿਸ ਪ੍ਰਸ਼ਾਸਨ ਤਰਫੋਂ ਵੀ ਹੈਲਮੇਟ ਦਾ ਚਾਲਾਨ ਨਾ ਮਾਤਰ ਹੀ ਹੁੰਦਾ ਹੈ । ਇਹ ਵੀ ਕੋਈ ਅੱਤਕੱਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜ਼ਰੀਂ ਪੈ ਜਾਂਦੇ ਹਨ । ਮਾਪਿਆਂ ਲਈ ਵੀ ਲਾਜ਼ਮੀ ਹੈ ਕਿ ਆਪਣੇ ਘੱਟ ਉਮਰ ਦੇ ਬੱਚਿਆਂ ਨੂੰ ਵਾਹਨ ਨਾ ਦੇਣ ਅਤੇ ਉਹਨਾਂ ਨੂੰ ਵਾਹਣ ਚਲਾਉਣ ਤੋਂ ਵਰਜਣ ।

ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ । ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ ।

ਸਰਦੀਆਂ ਦਾ ਸਮਾਂ ਚੱਲ ਰਿਹਾ ਹੈ ਅਤੇ ਧੁੰਦ ਕਾਰਨ ਵਿਜੀਵਿਲਿਟੀ ਉੰਝ ਹੀ ਘੱਟ ਹੋ ਜਾਂਦੀ ਹੈ ਸੋ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ । ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਪਬਲਿਕ ਟਰਾਂਸਪੋਰਟ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ । ਕਦੇ ਵੀ ਤੇਜ਼ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ । ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ-ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚੱਲਦੇ ਸਮੇਂ ਜ਼ੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ ਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ ।

ਧੁੰਦ ਦਾ ਸਮਾਂ ਹੈ ਅਤੇ ਸਰਦੀਆਂ ਦੇ ਮੌਸਮ ਵਿੱਚ ਵੱਖ-ਵੱਖਰੇ ਸਮਾਗਮ ਚੱਲਦਿਆਂ ਸੜਕਾਂ 'ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜ੍ਹਾ ਪਿੱਛੇ ਹੱਟ ਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ-ਉੱਚੇ ਬੰਨ੍ਹ-ਨੁਮਾ ਹੰਪ ਬਣਾਏ ਜਾਂਦੇ ਹਨ ਉਹਨਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ । ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪਰੰਤੂ ਸੜਕਾਂ ਦੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸਦੇ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ । ਸਮਾਜ ਵਿੱਚ ਸਵੈ ਅਨੁਸ਼ਾਸਨ ਅਤੇ ਜ਼ਿੰਮੇਵਾਰੀ ਨਾਗਰਿਕਾਂ ਦੀ ਭਾਰੀ ਘਾਟ ਰੜਕਦੀ ਹੈ ਅਤੇ ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪਰੰਤੂ ਜਿੱਥੇ ਸਖਤੀ ਹੁੰਦੀ ਹੈ ਉੱਥੇ ਇਹ ਤਹਿ ਵਾਂਗੂੰ ਸਿੱਧੇ ਹੋ ਜਾਂਦੇ ਹਨ ।



ਇਹ ਕੋਈ ਅੱਤਕੱਥਨੀ ਨਹੀਂ ਕਿ ਸਾਡੇ ਪੰਜਾਬੀ ਡੰਡੇ ਦੇ ਪੀਰ ਹਨ ਕਿਉਂਕਿ ਚੰਡੀਗੜ੍ਹ ਵਿੱਚ ਪ੍ਰਸ਼ਾਸਨਿਕ ਸਖਤੀ ਤੇ ਚੱਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ੍ਹ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕ ਦਮ ਜ਼ਿਆਦਾਤਰ ਲੋਕ ਯਾਤਾਯਾਤ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ ਵਿੱਚ ਉਹੀ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਰੱਖਦੇ ਹਨ ।

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ-ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜ਼ਰੂਰੀ ਹੈ । ਸੜਕੀ ਨਿਯਮਾਂ ਨੂੰ ਅਣਗੌਲਿਆਂ ਕਰਨ ਤੇ ਆਪਣੀ ਜਾਨ ਦੇ ਨਾਲ-ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ । ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ ।

ਧੁੰਦ ਵਿੱਚ ਡਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜ਼ਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜ਼ਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ 'ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ । ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਯਾਤਾਯਾਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਲੋਕਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਕਈ ਘਰਾਂ ਵਿੱਚ ਸੱਥਰ ਵਿਛਣ ਤੋਂ ਬਚਾਅ ਹੋ ਸਕਦਾ ਹੈ ।



# ਸਰਦੀਆਂ ਲਈ ਘਰ ਨੂੰ ਕਰ ਲਓ ਤਿਆਰ

ਸਰਦੀ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ । ਸਵੇਰੇ ਜ਼ਿਆਦਾ ਠੰਢ ਹੁੰਦੀ ਹੈ । ਦਿਨ ਛੋਟੇ ਹੋਣ ਕਾਰਨ ਸ਼ਾਮ ਨੂੰ ਹਨੇਰਾ ਛੇਤੀ ਹੁੰਦਾ ਹੈ ।

**...ਤਾਂ ਕਿ ਘਰ ਵਿੱਚ ਬਣੀ ਰਹੇ ਗਰਮਾਹਟ** : ਗਰਮੀ ਦੇ ਮੌਸਮ ਵਿੱਚ ਜਿੱਥੇ ਹਲਕੇ ਕੂਲਿੰਗ ਇਫੈਕਟ ਵਾਲੇ ਸੂਤੀ ਕੱਪੜਿਆਂ ਦੀ ਫਰਨਿਸ਼ਿੰਗ ਜ਼ਰੂਰੀ ਹੁੰਦੀ ਹੈ । ਠੀਕ ਇਸ ਦੇ ਉਲਟ ਸਰਦੀ ਦੇ ਮੌਸਮ ਵਿੱਚ ਊਨੀ ਬੈੱਡਸ਼ੀਟ, ਪਰਦੇ, ਰਗਸ, ਸੋਫਾ ਕਵਰ, ਸਿਰਹਾਣੇ ਦੇ ਗਿਲਾਫ, ਕੁਸ਼ਨ ਕਵਰ ਹੋਣ ਤਾਂ ਉਹ ਗਰਮੀ ਨੂੰ ਰੋਕਦੇ ਹਨ ਅਤੇ ਠੰਢੇ ਫਰਸ਼ ਤੋਂ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਦੇ ਹਨ । ਊਨੀ ਕਾਲੀਨ ਇੱਕ ਕੁਦਰਤੀ ਇੰਸੂਲੇਟਿੰਗ ਏਜੰਟ ਦੀ ਤਰ੍ਹਾਂ ਕੰਮ ਕਰਦਾ ਹੈ । ਇਨ੍ਹਾਂ ਨਾਲ ਅਸੀਂ ਸਰਦੀਆਂ ਵਿੱਚ ਕਮਰੇ ਨੂੰ ਜ਼ਿਆਦਾ ਆਰਾਮਦਾਇਕ ਬਣਾ ਕੇ ਊਰਜਾ ਦੀ ਖਪਤ ਘੱਟ ਕਰਕੇ ਕਮਰਿਆਂ ਨੂੰ ਗਰਮ ਰੱਖ ਸਕਦੇ ਹਾਂ ।

**ਪੋਰਟੇਬਲ ਚੁੱਲ੍ਹਾ, ਪ੍ਰਭਾਵ ਵੱਡਾ** : ਜਿਵੇਂ-ਜਿਵੇਂ ਠੰਢ ਵੱਧਦੀ ਹੈ, ਅੱਗ ਸੇਕਣ ਨਾਲ ਹੀ ਰਾਹਤ ਮਿਲਦੀ ਹੈ । ਇਸ ਲਈ ਗਲੀਆਂ ਅਤੇ ਸੜਕਾਂ 'ਤੇ ਲੋਕ ਅੱਗ ਬਾਲਦੇ ਹਨ, ਤਾਂ ਲੋਕ ਘਰ ਵਿੱਚ ਹੀਟਰ ਜ਼ਰੀਏ ਤਾਪਮਾਨ ਨੂੰ ਵਧਾ ਕੇ ਰੱਖਦੇ ਹਨ । ਪਿੰਡਾਂ ਵਿੱਚ ਗੈਸ ਚੁੱਲ੍ਹਿਆਂ ਨੂੰ ਘਰ ਦੇ ਬਾਹਰੀ ਹਿੱਸੇ ਵਿੱਚ ਰੱਖ ਕੇ ਤਾਂ ਬਣਾਇਆ ਹੀ ਜਾ ਸਕਦਾ ਹੈ, ਘਰ ਨੂੰ ਗਰਮ ਵੀ ਰੱਖਿਆ ਜਾ ਸਕਦਾ ਹੈ । ਇਸ ਤਰ੍ਹਾਂ ਦੇ ਸਟੋਵ ਨੂੰ 'ਫਾਇਰ ਪਲੇਸ' ਦੇ ਅੰਦਰ ਰੱਖ ਕੇ ਵੀ ਘਰ ਨੂੰ ਗਰਮ ਰੱਖਿਆ ਜਾ ਸਕਦਾ ਹੈ ।

**ਕੋਜ਼ੀ ਬੈੱਡਰੂਮ** : ਸਰਦੀ ਦੇ ਮੌਸਮ ਵਿੱਚ ਸਾਨੂੰ ਬੈੱਡਰੂਮ ਵਿੱਚ ਜ਼ਿਆਦਾ ਸਮਾਂ ਬਿਤਾਉਣਾ ਪੈਂਦਾ ਹੈ । ਇਸ ਲਈ ਜਿੰਨਾ ਸੰਭਵ ਹੋਵੇ, ਉਸ ਵਿੱਚ ਬਦਲਾਅ ਕਰਨਾ ਚਾਹੀਦਾ ਹੈ । ਹਲਕੇ ਗਰਮੀਆਂ ਦੇ ਬਿਸਤਰ ਦੀ ਥਾਂ, ਊਨੀ ਬੈੱਡਸ਼ੀਟ, ਪਿੱਲੋ ਕਵਰ, ਰਗਸ, ਕਾਲੀਨ, ਪਰਦਿਆਂ ਦੀ ਵਰਤੋਂ ਕਰੋ ਤਾਂ ਕਿ ਕਮਰਿਆਂ ਵਿੱਚ ਗਰਮੀ ਬਣੀ ਰਹੇ । ਅਸੀਂ ਰਾਤ ਭਰ ਆਰਾਮ ਨਾਲ ਸੌਂ ਸਕੀਏ ਅਤੇ ਬੈੱਡਰੂਮ ਦੀ ਦਿੱਖ ਨੂੰ ਵੀ ਖੂਬਸੂਰਤ ਬਣਾ ਸਕੀਏ। ਇਸ ਲਈ ਗੂੜ੍ਹੇ ਰੰਗਾਂ ਦੀ ਵਰਤੋਂ ਕਰੋ, ਜੋ ਉਸ ਥਾਂ ਵਿੱਚ ਗਰਮਾਹਟ ਲਿਆਉਂਦੇ ਹਨ ।

**ਦਰਵਾਜ਼ੇ ਅਤੇ ਖਿੜਕੀਆਂ** : ਸਰਦੀ ਦੇ ਦਿਨਾਂ ਵਿੱਚ ਜ਼ਿਆਦਾਤਰ ਗਰਮੀ ਖਿੜਕੀ ਅਤੇ ਦਰਵਾਜ਼ਿਆਂ ਤੋਂ ਨਿਕਲਦੀ ਹੈ, ਇਸ ਲਈ ਉਨ੍ਹਾਂ ਨੂੰ ਪਲਾਸਟਿਕ ਦੀ ਸੀਲਿੰਗ ਨਾਲ ਜਾਂ ਬੋਰਡ ਨਾਲ ਸੀਲ ਕਰੋ । ਉਨ੍ਹਾਂ 'ਤੇ ਮੋਟੇ ਪਰਦੇ ਲਗਾਓ, ਪਰਦੇ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਕਿ ਧੁੱਪ ਨਾਲ ਗਰਮੀ ਅੰਦਰ ਆਵੇ ਅਤੇ ਰਾਤ ਸਮੇਂ ਠੰਢ ਨੂੰ ਬਾਹਰ ਰੱਖਣ ਵਿੱਚ ਕਾਮਯਾਬ ਹੋਵੇ । ਦਿਨ ਸਮੇਂ ਪਰਦੇ ਖੋਲ੍ਹ ਕੇ ਅਤੇ ਸ਼ਾਮ ਦੇ ਬਾਅਦ ਦਰਵਾਜ਼ੇ ਅਤੇ ਖਿੜਕੀਆਂ ਨੂੰ ਬੰਦ ਕਰਕੇ ਰੱਖੋ । ਬਾਹਰ ਵੱਲ ਖੁੱਲ੍ਹਣ ਵਾਲੇ ਦਰਵਾਜ਼ਿਆਂ ਦੀਆਂ ਦਰਾਰਾਂ ਨੂੰ ਸੀਲ ਕਰਵਾਓ ਤਾਂ ਕਿ ਘਰ ਵਿੱਚ ਗਰਮਾਇਸ਼ ਬਣੀ ਰਹੇ ।

**ਘਰ ਨੂੰ ਗਰਮ ਰੱਖਣ ਲਈ** : ਜ਼ਿਆਦਾ ਸਰਦੀ ਦੇ ਦਿਨਾਂ ਵਿੱਚ ਜਦੋਂ ਬਿਜਲੀ ਕਟ ਜ਼ਿਆਦਾ ਹੁੰਦੇ ਹਨ ਤਾਂ ਆਪਣੇ ਘਰ ਨੂੰ ਗਰਮ ਕਰਨ ਦੇ ਬਦਲਵੇਂ ਢੰਗ ਵੀ ਬਣਾ ਕੇ ਰੱਖੋ । ਤੁਹਾਡੇ ਕੋਲ ਗੈਸ, ਹੀਟਰ, ਫਾਇਰ ਪਲੇਸ ਜਾਂ ਗੈਸ ਸਟੋਵ ਜੇਕਰ ਹੈ, ਤਾਂ ਉਨ੍ਹਾਂ ਨੂੰ ਸਹੀ ਕਰਵਾ ਕੇ ਰੱਖੋ । ਇਹ ਬਿਜਲੀ ਦੇ ਮੁਕਾਬਲੇ ਵਿੱਚ ਸਸਤੇ ਤਾਂ ਹੁੰਦੇ ਹੀ ਹਨ, ਬਿਜਲੀ ਨਾ ਹੋਣ 'ਤੇ ਠੰਢ ਤੋਂ ਪ੍ਰੇਸ਼ਾਨ ਹੋਣ ਦੀ ਬਜਾਏ ਇਨ੍ਹਾਂ ਦੀ ਵਰਤੋਂ ਨਾਲ ਘਰ ਨੂੰ ਗਰਮ ਰੱਖਿਆ ਜਾ ਸਕਦਾ ਹੈ ।

**ਘਰ ਦਾ ਬਾਹਰੀ ਹਿੱਸਾ** : ਸਰਦੀਆਂ ਲਈ ਘਰ ਦੇ ਬਾਹਰੀ ਹਿੱਸੇ ਨੂੰ ਠੰਢੇ ਤਾਪਮਾਨ, ਬਰਫ਼ ਅਤੇ ਪਾਲੇ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਲਈ ਪਹਿਲਾਂ ਤੋਂ ਹੀ ਆਪਣੀ ਛੱਤ ਦਾ ਨੁਕਸਾਨਿਆ ਹਿੱਸਾ ਮੁਰੰਮਤ ਕਰਵਾ ਕੇ ਤੇਜ਼ ਹਵਾ ਦੇ ਝੋਕਿਆਂ ਨੂੰ ਰੋਕਣ ਲਈ ਖਿੜਕੀਆਂ ਤੇ ਦਰਵਾਜ਼ਿਆਂ ਨੂੰ ਸੀਲ ਕਰਵਾਓ ਅਤੇ ਆਪਣੇ ਵਿਹੜੇ ਤੇ ਘਰ ਦੇ ਦੂਸਰੇ ਹਿੱਸਿਆਂ ਨੂੰ ਮਜ਼ਬੂਤ ਬਣਾਓ । ਜੇਕਰ ਤੁਹਾਡੀ ਛੱਤ ਜ਼ਿਆਦਾ ਪੁਰਾਣੀ ਹੈ, ਤਾਂ ਉਸ ਨੂੰ ਠੀਕ ਕਰਵਾ ਲਓ ਤੇ ਜੇਕਰ ਛੱਡ ਚੰਗੀ ਸਥਿਤੀ ਵਿੱਚ ਹੈ ਤਾਂ ਛੋਟੀ-ਛੋਟੀ ਮੁਰੰਮਤ ਦਾ ਕੰਮ ਖੁਦ ਹੀ ਕਰ ਲਉ । ਇਨ੍ਹਾਂ ਉਪਾਵਾਂ ਨਾਲ ਨਾ ਸਿਰਫ਼ ਤੁਸੀਂ ਆਪਣੇ ਘਰ ਤੇ ਬਾਹਰ ਦੇ ਵਾਤਾਵਰਨ ਨੂੰ ਗਰਮ ਰੱਖ ਸਕਦੇ ਹੋ, ਸਗੋਂ ਸਰਦੀ ਦੇ ਦਿਨਾਂ ਵਿੱਚ ਆਉਣ ਵਾਲੇ ਬਿਜਲੀ ਬਿਲ ਨੂੰ ਵੀ ਘੱਟ ਕਰ ਸਕਦੇ ਹੋ ।

- ਮਧੂ ਸਿੰਘ

ਫੁੱਲ ਗੋਭੀ ਅਤੇ ਸ਼ਲਗਮ ਦੇ ਪੱਤਿਆਂ ਵਿੱਚ ਕਾਫ਼ੀ ਮਾਤਰਾ ਵਿੱਚ ਕੈਲਸ਼ੀਅਮ ਪਾਇਆ ਜਾਂਦਾ ਹੈ।

# ਘੱਟ ਵਰਤੇ ਜਾਣ ਵਾਲੇ ਹਰੇ ਪੱਤੇ ਖਾਓ ਅਨੀਮੀਆ ਭਜਾਓ, ਸਿਹਤ ਬਣਾਓ

ਮਨੀਸ਼ਾ ਭਾਟੀਆ ਅਤੇ ਅਵਨੀਤ ਕੌਰ ਆਹੂਜਾ,
ਕੇ. ਵੀ. ਕੇ., ਫਤਿਹਗੜ੍ਹ ਸਾਹਿਬ

ਖੂਨ ਦੀ ਘਾਟ ਨਾਲ ਹੋਣ ਵਾਲਾ ਅਨੀਮੀਆ ਨਾਮਕ ਰੋਗ ਛੋਟੇ ਬੱਚਿਆਂ, ਅੱਲੜ ਕੁੜੀਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਵਿੱਚ ਆਮ ਹੀ ਵੇਖਣ ਨੂੰ ਮਿਲਦਾ ਹੈ। ਇਸ ਰੋਗ ਤੋਂ ਬਚਣ ਲਈ ਆਪਣੀ ਖੁਰਾਕ



ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਹਰੀਆਂ ਪੱਤੇਦਾਰ ਸਬਜ਼ੀਆਂ ਵਿੱਚ ਪਾਲਕ, ਮੇਥੀ, ਧਨੀਆ, ਪੁਦੀਨਾ, ਸਰ੍ਹੋਂ, ਬਾਥੂ ਆਦਿ ਸ਼ਾਮਲ ਹਨ, ਪਰ ਇਸ ਤੋਂ ਇਲਾਵਾ ਕੁਝ ਸਬਜ਼ੀਆਂ ਦੇ ਪੱਤੇ ਜਿਵੇਂ ਗੋਭੀ, ਮੂਲੀ, ਸ਼ਲਗਮ, ਗਾਜਰ, ਚੁਕੰਦਰ, ਅਰਬੀ, ਛੋਲਿਆਂ ਦਾ ਸਾਗ, ਹਾਲੋਂ, ਕੜੀ ਪੱਤਾ, ਸੁਆਂਜਣਾ ਦੇ ਪੱਤੇ, ਚੁਲਾਈ ਆਦਿ ਦੀ ਵਰਤੋਂ ਅਸੀਂ ਆਪਣੀ ਖੁਰਾਕ ਵਿੱਚ ਨਾਂਹ ਦੇ ਬਰਾਬਰ ਕਰਦੇ ਹਾਂ। ਇਹ ਪੱਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹਨ, ਪਰ ਅਣਜਾਣੇ ਵਿੱਚ ਅਸੀਂ ਇਨ੍ਹਾਂ ਨੂੰ ਸੁੱਟ ਦਿੰਦੇ ਹਾਂ ਜਾਂ ਪਸ਼ੂਆ ਨੂੰ ਪਾ ਦਿੰਦੇ ਹਾਂ। ਵੱਖ-ਵੱਖ ਸਬਜ਼ੀਆਂ ਦੇ ਪੱਤਿਆਂ ਵਿੱਚ ਪਾਏ ਜਾਣ ਵਾਲੇ ਪੌਸ਼ਟਿਕ ਸਾਡੇ ਸਰੀਰ ਲਈ ਵਧੀਆ ਖੁਰਾਕ ਹੋ ਸਕਦੇ ਹਨ।

ਜੇਕਰ ਗੱਲ ਕਰੀਏ ਤਾਂ ਫੁੱਲ ਗੋਭੀ ਦੇ ਪੱਤਿਆਂ ਵਿੱਚ ਅਤੇ ਸ਼ਲਗਮ ਦੇ ਪੱਤਿਆਂ ਵਿੱਚ ਕਾਫ਼ੀ ਮਾਤਰਾ ਵਿੱਚ ਕੈਲਸ਼ੀਅਮ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੁਆਂਜਣੇ ਅਤੇ ਸ਼ਲਗਮ ਦੇ ਪੱਤਿਆਂ ਵਿੱਚ 'ਵਿਟਾਮਿਨ ਸੀ' ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਚਕੁੰਦਰ ਤੇ ਚਲਾਈ ਦੇ ਪੱਤਿਆਂ ਵਿੱਚ ਵੀ ਕਾਫ਼ੀ ਮਾਤਰਾ ਵਿੱਚ ਆਇਰਨ, ਕੈਲਸ਼ੀਅਮ ਅਤੇ 'ਵਿਟਾਮਿਨ ਸੀ' ਪਾਇਆ ਜਾਂਦਾ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਘਰੇਲੂ



ਬਗੀਚੀ ਵਿੱਚ ਹੀ ਉਗਾਉਣੀਆਂ ਚਾਹੀਦੀਆਂ ਹਨ, ਤਾਂ ਜੋ ਹਰ ਮੌਸਮ ਵਿੱਚ ਤਾਜ਼ਾ ਹਰੀਆਂ ਸਬਜ਼ੀਆਂ ਆਸਾਨੀ ਨਾਲ ਮਿਲ ਸਕਣ। ਹਮੇਸ਼ਾਂ ਤਾਜ਼ੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਜੇ ਸੰਭਾਲਣ ਦੀ ਲੋੜ ਪਵੇ ਤਾਂ 2-3 ਦਿਨਾਂ ਲਈ ਫਰਿੱਜ ਵਿੱਚ ਗਿੱਲੇ ਮਲਮਲ ਦੇ ਕੱਪੜੇ ਵਿੱਚ ਲਪੇਟ ਕੇ ਰੱਖ ਸਕਦੇ ਹਾਂ।

ਗਰਮੀਆਂ ਵਿੱਚ ਇਨ੍ਹਾਂ ਦੀ ਵਰਤੋਂ ਲਈ ਇਨ੍ਹਾਂ ਨੂੰ ਚੰਗੀ ਤਰ੍ਹਾਂ ਧੋ ਕੇ ਉੱਬਲਦੇ ਪਾਣੀ ਜਾਂ ਭਾਫ ਵਿੱਚ ਦੋ ਮਿੰਟ ਲਈ ਰੱਖ ਕੇ ਇਨ੍ਹਾਂ ਨੂੰ ਸੁਕਾ ਲਵੋ, ਸੁਕਾਉਣ ਤੋਂ ਬਾਅਦ ਮਸਲ ਕੇ ਚੂਰਾ ਬਣਾ ਕੇ ਟਾਈਟ ਡੱਬੇ ਵਿੱਚ ਰੱਖ ਲਵੋ। ਇਹ ਸੁੱਕੇ ਹੋਏ ਪੱਤੇ ਤੁਸੀਂ ਲੂਣਦਾਨੀ ਵਿੱਚ ਵੀ ਰੱਖ ਸਕਦੇ ਹੋ, ਤਾਂ ਜੋ ਦਾਲ ਸਬਜ਼ੀ ਬਣਨ ਤੋਂ ਬਾਅਦ ਸਬਜ਼ੀ ਵਿੱਚ ਪਾ ਕੇ ਵਰਤਿਆ ਜਾ ਸਕੇ।

ਰੋਜ਼ਾਨਾ ਆਪਣੀ ਖੁਰਾਕ ਵਿੱਚ ਘੱਟੋ-ਘੱਟ 100 ਗ੍ਰਾਮ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇਨ੍ਹਾਂ ਸਬਜ਼ੀਆਂ ਦੀ ਵਰਤੋਂ ਸਾਗ, ਭੁਰਜੀ, ਚਟਨੀ ਦੇ ਰੂਪ ਵਿੱਚ ਅਤੇ ਦਾਲ, ਪਰੌਂਠਾ/ਰੋਟੀ ਅਤੇ ਚੌਲਾਂ ਵਿੱਚ ਪਾ ਕੇ ਕੀਤੀ ਜਾ ਸਕਦੀ ਹੈ। ਛੋਲਿਆਂ, ਅਰਬੀ, ਗਾਜਰ ਅਤੇ ਫੁੱਲ ਗੋਭੀ ਦੇ ਪੱਤਿਆਂ ਨੂੰ ਸੁਕਾ ਕੇ ਇਨ੍ਹਾਂ ਦੀ ਵਰਤੋਂ ਖਿਚੜੀ, ਪੁਲਾਉ, ਮਿੱਸੀ ਰੋਟੀ, ਪਰੌਂਠੇ, ਟਿੱਕੀ ਅਤੇ ਕਬਾਬ ਆਦਿ ਵਿੱਚ ਪਾ ਕੇ ਵੀ ਕੀਤੀ ਜਾ ਸਕਦੀ ਹੈ। ਪਾਲਕ, ਮੇਥੀ, ਹਰੇ ਪਿਆਜ਼ ਅਤੇ ਬੰਦ ਗੋਭੀ ਨੂੰ ਸਲਾਦ ਦੇ ਰੂਪ ਵਿੱਚ ਵਰਤ ਸਕਦੇ ਹਾਂ।

## ਸਰਦੀਆਂ ਵਿੱਚ 'ਕਿਚਨ ਗਾਰਡਨ' ਵਿੱਚ ਉਗਾਓ ਸਬਜ਼ੀਆਂ

ਹਰ ਰੋਜ਼ ਵਧਦੇ ਪ੍ਰਦੂਸ਼ਣ ਅਤੇ ਸਬਜ਼ੀਆਂ ਵਿੱਚ ਵਰਤੇ ਜਾਣ ਵਾਲੇ ਕੈਮੀਕਲ ਦੀ ਵਜ੍ਹਾ ਨਾਲ ਲੋਕਾਂ ਦਾ ਝੁਕਾਅ ਕਿਚਨ ਗਾਰਡਨ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ।

ਇਸ ਲਈ ਜ਼ਿਆਦਾਤਰ ਲੋਕਾਂ ਦੇ ਗਾਰਡਨ ਤੋਂ ਲੈ ਕੇ ਬਾਲਕਨੀ ਵਿੱਚ ਅਤੇ ਫੁੱਲ ਦੇ ਨਾਲ-ਨਾਲ ਕਿਚਨ ਵਿੱਚ ਵਰਤੀਆਂ ਜਾਣ ਵਾਲੀਆਂ ਕੁਝ ਜ਼ਰੂਰੀ ਸਬਜ਼ੀਆਂ ਵੀ ਗਮਲੇ ਵਿੱਚ ਲੱਗੀਆਂ ਦਿਖਾਈ ਦੇ ਜਾਣਗੀਆਂ।



ਉਂਝ ਤਾਂ ਕਿਚਨ ਗਾਰਡਨਿੰਗ ਕਰਨਾ ਬਹੁਤ ਆਸਾਨ ਹੈ, ਪਰ ਕੁਝ ਲੋਕਾਂ ਨੂੰ ਪਤਾ ਨਹੀਂ ਹੁੰਦਾ ਹੈ ਕਿ ਕਿਹੜੇ ਮੌਸਮ ਵਿੱਚ ਕਿਹੜੀ ਸਬਜ਼ੀ ਉਗਾਉਣੀ ਚਾਹੀਦੀ ਹੈ। ਇਸ ਮੌਸਮ ਦੀਆਂ ਕੁਝ ਸਬਜ਼ੀਆਂ ਬਾਰੇ ਦੱਸ ਰਹੇ ਹਾਂ।

**ਗਾਜਰ**

ਠੰਡ ਵਿੱਚ ਆਰਗੈਨਿਕ ਅਤੇ ਤਾਜ਼ੀ ਗਾਜਰ ਦਾ ਆਨੰਦ ਉਠਾਉਣ ਦੇ ਲਈ ਗਮਲੇ ਵਿੱਚ 5.5 ਤੋਂ 7 ਪੀ. ਐਚ. ਦੀ ਰੇਤਲੀ ਜਾਂ ਦੋਮਟ ਮਿੱਟੀ ਭਰ ਕੇ ਆਪਣੀ ਪਸੰਦ ਦੇ ਅਨੁਸਾਰ ਕਾਲੀ ਜਾਂ ਲਾਲ ਗਾਜਰ ਦੀ ਸੀਡਿੰਗ ਕਰਕੇ 50 ਤੋਂ 80 ਦਿਨ ਵਿੱਚ ਗਾਜਰ ਪ੍ਰਾਪਤ ਕਰ ਸਕਦੇ ਹੋ।

**ਮੂਲੀ**

ਸਰਦੀਆਂ ਵਿੱਚ ਕਿਚਨ ਗਾਰਡਨ ਵਿੱਚ ਮੂਲੀ ਉਗਾਉਣ ਲਈ ਤੁਸੀਂ 6.0 ਤੋਂ 7.0 ਪੀ. ਐਚ. ਦੀ ਹਲਕੀ, ਭੁਰਭੁਰੀ ਰੇਤਲੀ ਦੋਮਟ ਮਿੱਟੀ ਨੂੰ ਗਮਲੇ ਵਿੱਚ ਭਰ ਕੇ ਮੂਲੀ ਦੀ ਸੀਡਿੰਗ ਕਰਨ ਦੇ 25 ਤੋਂ 60 ਦਿਨਾਂ ਬਾਅਦ ਮੂਲੀ ਪ੍ਰਾਪਤ ਕਰ ਸਕਦੇ ਹੋ।

**ਹਰੇ ਮਟਰ**

ਮਟਰ ਦੋ ਵੈਰਾਇਟੀ ਦੇ ਹੁੰਦੇ ਹਨ, ਇੱਕ ਝਾੜੀ ਵਾਲਾ ਅਤੇ ਦੂਜਾ ਵੇਲਦਾਰ। ਇਨ੍ਹਾਂ ਵਿੱਚ ਕਿਚਨ ਗਾਰਡਨਿੰਗ ਲਈ ਝਾੜੀਦਾਰ ਮਟਰ ਦਾ ਪੌਦਾ ਸਹੀ ਰਹਿੰਦਾ ਹੈ। ਤੁਸੀਂ ਚੰਗੀ ਜਲ ਨਿਕਾਸੀ ਵਾਲੀ ਉਪਜਾਊ ਰੇਤੀਲੀ ਦੋਮਟ ਜਾਂ ਚੀਕਣੀ ਮਿੱਟੀ ਭਰ ਕੇ ਸੀਡਿੰਗ ਦੇ 60 ਤੋਂ 70 ਦਿਨ ਦੇ ਬਾਅਦ ਮਟਰ ਦੀ ਤੁੜਾਈ ਕਰ ਸਕਦੇ ਹੋ।

**ਸ਼ਿਮਲਾ ਮਿਰਚ**

ਅੱਜਕਲ੍ਹ ਹਰੀ ਦੇ ਇਲਾਵਾ ਲਾਲ, ਪੀਲੀ, ਹਰੀ ਅਤੇ ਨਾਰੰਗੀ ਰੰਗ ਦੀ ਸ਼ਿਮਲਾ ਮਿਰਚ ਵੀ ਮਿਲਣ ਲੱਗੀ ਹੈ। ਅਜਿਹੇ ਵਿੱਚ ਜੇਕਰ ਤੁਸੀਂ ਘਰ ਵਿੱਚ ਸ਼ਿਮਲਾ ਮਿਰਚ ਦੇ ਬੀਜਾਂ ਜਾਂ ਪੌਦਿਆਂ ਨੂੰ ਨਰਸਰੀ ਤੋਂ ਖਰੀਦ ਕੇ ਚੰਗੀ ਉਪਜਾਊ ਮਿੱਟੀ ਗਮਲੇ ਵਿੱਚ ਭਰ ਕੇ ਲਗਾ ਸਕਦੇ ਹੋ।

**ਅਦਰਕ**

ਤੁਸੀਂ ਆਪਣੇ ਕਿਚਨ ਗਾਰਡਨ ਵਿੱਚ ਹੁਣੇ ਅਦਰਕ ਲਗਾ ਕੇ ਗਰਮੀਆਂ ਤੱਕ ਵਰਤੋਂ ਕਰ ਸਕਦੇ ਹੋ। ਅਦਰਕ ਦੀ ਸਭ ਤੋਂ ਚੰਗੀ ਗੱਲ ਹੁੰਦੀ ਹੈ ਕਿ ਇਸ ਨੂੰ ਲਗਾਉਣ ਲਈ ਬੀਜ ਜਾਂ ਪੌਦਿਆਂ ਨੂੰ ਵੀ ਨਰਸਰੀ ਤੋਂ ਖਰੀਦਣ ਦੀ ਲੋੜ ਨਹੀਂ ਪੈਂਦੀ। ਤੁਸੀਂ ਇਸ ਨੂੰ ਸਿੱਧਾ ਕਿਚਨ ਵਿੱਚ ਰੱਖੀ ਅਦਰਕ ਨਾਲ ਵੀ ਲਗਾ ਸਕਦੇ ਹੋ।

ਸਰਦੀਆਂ ਵਿੱਚ

# ਫ਼ਲਦਾਰ ਬੂਟਿਆਂ ਦੀਆਂ ਮੁੱਖ ਬਿਮਾਰੀਆਂ

ਪਰਮਿੰਦਰ ਕੌਰ ਅਤੇ ਸਵਰੀਤ ਖਹਿਰਾ,
ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ (ਮੋ. 88723-83400)

**1. ਨਾਸ਼ਪਤੀ ਦੀਆਂ ਜੜ੍ਹਾਂ ਅਤੇ ਲੱਕੜੀ (ਸੈਪ ਵੁੱਡ) ਦਾ ਗਲਣਾ** : ਇਹ ਇੱਕ ਉੱਲੀ ਦੀ ਬਿਮਾਰੀ ਹੈ, ਜਿਹੜੀ ਜੜ੍ਹਾਂ ਦੁਆਲੇ ਵਧੇਰੇ ਸਿੱਲ੍ਹ ਰਹਿਣ ਕਾਰਨ ਅਤੇ ਪਾਣੀ ਖੜ੍ਹਨ ਵਾਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹਮਲਾ ਕਰਦੀ ਹੈ। ਇਸ ਬਿਮਾਰੀ ਦਾ ਅਸਰ ਜੜ੍ਹ ਦੀ ਲੱਕੜ ਅਤੇ ਛਿੱਲ ਤੇ ਨਜ਼ਰ ਆਉਂਦਾ ਹੈ, ਜਿਸ ਕਾਰਨ ਇਹ ਗਲ ਕੇ ਭੂਰੀ ਹੋ ਜਾਂਦੀ ਹੈ। ਜੜ੍ਹਾਂ ਉੱਤੇ ਉੱਲੀ ਦੇ ਚਿੱਟੇ ਰੇਸ਼ੇ ਬਣ ਜਾਂਦੇ ਹਨ ਅਤੇ ਇਹ ਸਾਫ ਦਿਖਾਈ ਦਿੰਦੇ ਹਨ। ਜਿਹੜੇ ਬੂਟਿਆਂ ਤੇ ਬਿਮਾਰੀ ਹਮਲਾ ਕਰਦੀ ਹੈ ਉਹ ਮੁਰਝਾ ਜਾਂਦੇ ਹਨ ਅਤੇ ਪੱਤੇ ਛੇਤੀ ਹੀ ਝੜ ਜਾਂਦੇ ਹਨ। ਪਰ ਅਜਿਹੇ ਬੂਟਿਆਂ ਦੇ ਮਰਨ ਤੋਂ ਪਹਿਲਾਂ ਫ਼ਲ ਜ਼ਿਆਦਾ ਲੱਗਦਾ ਹੈ। ਸਮੇਂ ਦੇ ਨਾਲ ਟਾਹਣੀਆਂ ਵੀ ਝੁਲਸ ਜਾਂਦੀਆਂ ਹਨ। ਬਹੁਤੀ ਮੰਦੀ ਹਾਲਤ ਵਿੱਚ ਬੂਟੇ ਵੀ ਡਿੱਗ ਪੈਂਦੇ ਹਨ।

**ਰੋਕਥਾਮ** :

★ ਬਿਮਾਰੀ ਦੇ ਵਾਧੇ ਨੂੰ ਰੋਕਣ ਲਈ ਰੋਗੀ ਬੂਟਿਆਂ ਦੁਆਲੇ ਦੋਰ ਬਣਾ ਕੇ ਪਾਣੀ ਲਗਾਉ।

★ ਜੜ੍ਹਾਂ ਨੂੰ ਮਿੱਟੀ ਨਾਲ ਢੱਕ ਕੇ ਰੱਖੋ ਅਤੇ ਕਦੇ ਵੀ ਡੂੰਘੀ ਗੋਡੀ ਨਾ ਕਰੋ ਤਾਂ ਜੋ ਜੜ੍ਹਾਂ ਜ਼ਖ਼ਮੀ ਨਾ ਹੋ ਸਕਣ ਅਤੇ ਉੱਲੀ ਦੇ ਹਮਲੇ ਹੇਠ ਨਾ ਆਉਣ।

★ ਸਰਦੀਆਂ ਵਿੱਚ ਬਾਗ ਵਿੱਚ ਜ਼ਿਆਦਾ ਪਾਣੀ ਦੀ ਲੋੜ ਵਾਲੀਆਂ ਫ਼ਸਲਾਂ ਦੀ ਕਾਸ਼ਤ ਨਾ ਕਰੋ ਜਿਵੇਂ ਬਰਸੀਮ ਆਦਿ।

★ ਤਣੇ ਨੂੰ ਗਾਲੇ ਤੋਂ ਬਚਾਉਣ ਲਈ ਉਸ ਦੇ ਆਸੇ-ਪਾਸੇ ਜ਼ਿਆਦਾ ਮਿੱਟੀ ਨਾ ਚੜ੍ਹਾਉ।

**2. ਨਿੰਬੂ ਜਾਤੀ ਦਾ ਕੋਹੜ ਰੋਗ** : ਇਸ ਬਿਮਾਰੀ ਦਾ ਹਮਲਾ ਜ਼ਿਆਦਾਤਰ ਨਰਸਰੀ ਅਤੇ 2-3 ਸਾਲ ਦੇ ਬੂਟਿਆਂ ਤੇ ਹੁੰਦਾ ਹੈ। ਭਾਰੀ ਮੀਂਹ ਅਤੇ ਜ਼ਿਆਦਾ ਸਿੱਲ੍ਹ ਇਸ ਰੋਗ ਦੇ ਵੱਧਣ ਵਿੱਚ ਸਹਾਇਕ ਹੁੰਦੇ ਹਨ। ਇਸ ਬਿਮਾਰੀ ਦੇ ਨਾਲ ਪੱਤਿਆਂ ਉੱਤੇ ਪੀਲੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਹੌਲੀ-ਹੌਲੀ ਖੁਰਦਰੇ ਹੋ ਕੇ ਭੂਰੇ ਰੰਗ ਦੇ ਹੋ ਜਾਂਦੇ ਹਨ। ਸਮੇਂ ਦੇ ਨਾਲ ਇਹ ਧੱਬੇ ਆਕਾਰ ਵਿੱਚ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹਨਾਂ ਧੱਬਿਆਂ ਦੇ ਆਲੇ-ਦੁਆਲੇ ਪੀਲੇ ਰੰਗ ਦੇ ਘੇਰੇ ਬਣ ਜਾਂਦੇ ਹਨ ਅਤੇ ਇਹ ਪੱਤਿਆਂ ਦੇ ਦੋਵੇਂ ਪਾਸੇ ਉਭਰੇ ਨਜ਼ਰ ਆਉਂਦੇ ਹਨ। ਕਈ ਵਾਰ ਧੱਬੇ ਆਪਸ ਵਿੱਚ ਮਿਲ ਕੇ ਸਾਰਾ ਪੱਤਾ ਢੱਕ ਲੈਂਦੇ ਹਨ ਅਤੇ ਰੋਗੀ ਪੱਤੇ ਝੜ ਜਾਂਦੇ ਹਨ। ਟਾਹਣੀਆਂ ਉੱਤੇ ਇਹ ਧੱਬੇ ਵਿੰਗੇ ਟੇਢੇ ਤੇ ਭੂਰੇ ਰੰਗ ਦੇ ਹੁੰਦੇ ਹਨ। ਰੋਗੀ ਟਾਹਣੀਆਂ ਸੁੱਕ ਜਾਂਦੀਆਂ ਹਨ ਅਤੇ ਬੂਟਾ ਵੱਧਣਾ ਫੁੱਲਣਾ ਬੰਦ ਕਰ ਦਿੰਦਾ ਹੈ। ਫ਼ਲਾਂ ਉੱਪਰ ਇਹ ਧੱਬੇ ਖੁਰਦਰੇ ਤੇ ਕਣਕ ਵਾਂਗ ਨਜ਼ਰ ਆਉਂਦੇ ਹਨ ਅਤੇ ਸਿਰਫ਼ ਛਿੱਲ ਤੱਕ ਹੀ ਅਸਰ ਕਰਦੇ ਹਨ।

**ਰੋਕਥਾਮ** :

★ ਬਾਗ ਲਾਉਣ ਲਈ ਨਰਸਰੀ ਵਿੱਚੋਂ ਹਮੇਸ਼ਾਂ ਬਿਮਾਰੀ ਰਹਿਤ ਬੂਟੇ ਖ਼ਰੀਦੋ।

★ ਮਈ-ਜੂਨ ਵਿੱਚ ਬੂਟਿਆਂ ਦੀਆਂ ਰੋਗੀ ਟਾਹਣੀਆਂ ਨੂੰ ਕੱਟ ਕੇ ਸਾੜ ਦਿਉ ਅਤੇ ਜ਼ਖ਼ਮਾਂ ਤੇ ਬੋਰਡੋ ਪੇਸਟ ਲਾ ਦਿਉ।

★ ਰੋਗੀ ਫ਼ਲਾਂ ਨੂੰ ਚੰਗੀ ਤਰ੍ਹਾਂ ਨਸ਼ਟ ਕਰ ਦਿਓ।

★ 25 ਗ੍ਰਾਮ ਕਾਪਰ ਸਲਫੇਟ + 50 ਗ੍ਰਾਮ ਸਟਰੈਪਟੋਸਾਈਕਲੀਨ ਦੇ ਤਿੰਨ ਛਿੜਕਾਅ, ਪਹਿਲਾ ਅਕਤੂਬਰ, ਦੂਜਾ ਦਸੰਬਰ ਅਤੇ ਤੀਜਾ ਫਰਵਰੀ ਵਿੱਚ 500 ਲਿਟਰ ਪਾਣੀ ਵਿੱਚ ਘੋਲ ਕੇ ਕਰੋ। ਇਸ ਦੇ ਨਾਲ 50 ਪ੍ਰਤੀਸ਼ਤ ਕਾਪਰ ਔਕਸੀਕਲੋਰਾਈਡ (0.3%) ਜਾਂ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ।

**3. ਆੜੂ ਅਤੇ ਅਲੂਚੇ ਦੇ ਪੱਤਿਆਂ ਵਿੱਚ ਬਰੀਕ ਮੋਰੀਆਂ ਵਾਲੇ ਰੋਗ** : ਪੱਤਿਆਂ ਤੇ ਗੂੜ੍ਹੇ ਭੂਰੇ ਰੰਗ ਦੇ ਦਾਗ ਪੈ ਜਾਂਦੇ ਹਨ। ਇਹ ਦਾਗ ਬੜੀ ਤੇਜ਼ ਰਫ਼ਤਾਰ ਨਾਲ ਫੈਲਦੇ ਹਨ। ਪੱਤੇ ਵਿੱਚੋਂ ਰੋਗੀ ਹਿੱਸਾ ਟੁੱਟ ਕੇ ਡਿੱਗ ਜਾਂਦਾ ਹੈ ਅਤੇ ਛੋਟੀਆਂ ਮੋਰੀਆਂ ਬਣ ਜਾਂਦੀਆਂ ਹਨ।

**ਰੋਕਥਾਮ** :

★ ਬੂਟਿਆਂ ਨੂੰ ਪੱਤਝੜ ਰੁੱਤ ਵਿੱਚ ਜਾਂ ਬਾਅਦ ਵਿੱਚ ਅੱਖਾਂ ਫੁੱਲਣ ਸਮੇਂ 200 ਗ੍ਰਾਮ ਜੀਰਮ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।



## ਸੰਸਾਰ ਦੇ ਇਤਿਹਾਸ ਵਿੱਚ

# ਪੋਹ ਮਹੀਨੇ ਦੀ ਵਿਸ਼ੇਸ਼ ਮਹਾਨਤਾ

ਪੋਹ ਦੇ ਮਹੀਨੇ ਦੀ ਕੇਵਲ ਸਿੱਖ ਇਤਿਹਾਸ ਵਿੱਚ ਹੀ ਨਹੀਂ ਸਗੋਂ ਸੰਸਾਰ ਦੇ ਇਤਿਹਾਸ ਵਿੱਚ ਵੀ ਵਿਸ਼ੇਸ਼ ਮਹੱਤਤਾ ਹੈ। ਇਸ ਮਹੀਨੇ ਪਹਿਲੀ ਵੇਰ ਕਿਸੇ ਰਹਿਬਰ ਨੇ ਜ਼ੁਲਮ, ਜਬਰ, ਊਚ-ਨੀਚ ਅਤੇ ਸੰਸਾਰਿਕ ਵੰਡੀਆਂ ਨੂੰ ਮੇਟਣ ਲਈ ਕੇਵਲ ਆਪਣੇ ਪੈਰੋਕਾਰਾਂ ਭਾਵ ਸਿੰਘਾਂ ਦੀ ਸ਼ਹੀਦੀ ਹੀ ਨਹੀਂ ਦਿੱਤੀ ਸਗੋਂ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾਇਆ ਅਤੇ ਸੰਸਾਰਿਕ ਰਸਮਾਂ ਨੂੰ ਖਿੜੇ ਮੱਥੇ ਆਪਣੇ ਪਿੰਡੇ ਉੱਤੇ ਸਹਾਰਿਆ। ਇਸੇ ਕਰਕੇ ਹੀ ਅੱਜ ਤੱਕ ਜ਼ੁਲਮ ਦੇ ਵਿਰੁੱਧ ਸੰਘਰਸ਼ ਕਰਦਿਆਂ ਕਦੇ ਵੀ ਕਿਸੇ ਗੁਰੂ ਦੇ ਸਿੰਘ ਨੇ ਪਿੱਠ ਨਹੀਂ ਵਿਖਾਈ ਸਗੋਂ ਇੱਕ ਦੂਜੇ ਤੋਂ ਅੱਗੇ ਹੋ ਕੇ ਆਪਣਾ ਬਲੀਦਾਨ ਦਿੱਤਾ।

ਖਾਲਸਾ ਪੰਥ ਦੇ ਸਿਰਜਕ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸਦਾਨੀ ਵੀ ਆਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਧਰਮ ਦੀ ਖਾਤਰ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ ਉੱਤੇ ਰੱਖਣ ਲਈ ਨਹੀਂ ਆਖਿਆ ਸਗੋਂ ਸਾਰੇ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ। ਸਿੱਖੀ ਵਿੱਚ ਸਭ ਤੋਂ ਪਹਿਲੀ ਸ਼ਹਾਦਤ ਦਸ਼ਮੇਸ਼ ਪਿਤਾ ਜੀ ਦੇ ਪੜਦਾਦਾ ਜੀ ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਉਨ੍ਹਾਂ ਪਿੱਛੋਂ ਦਸਮੇਸ਼ ਜੀ ਦੇ ਪਿਤਾ ਜੀ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੈ। ਗੁਰੂ ਸਾਹਿਬ ਨੇ ਜਦੋਂ ਖਾਲਸੇ ਦੀ ਸਿਰਜਣਾ ਕੀਤੀ ਤਾਂ ਇਹੋ ਆਖਿਆ ਸੀ ਕਿ ਜਿਸ ਨੇ ਮੇਰਾ ਸਿੰਘ ਸਜਣਾ ਹੈ ਅਰਥਾਤ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ ਉਸ ਨੂੰ ਪਹਿਲਾਂ ਆਪਣਾ ਸੀਸ ਭੇਟ ਕਰਨਾ ਪਵੇਗਾ।

ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਰੇ ਦੀਵਾਨ ਵਿੱਚ ਮਿਆਨ ਵਿੱਚੋਂ ਲਿਸ਼ਕਦੀ ਤਲਵਾਰ ਕੱਢ ਕੇ ਇੱਕ ਸਿਰ ਦੀ ਮੰਗ ਕੀਤੀ ਜਿਹੜਾ ਉਨ੍ਹਾਂ ਦੀ ਤਲਵਾਰ ਦੀ ਆਪਣੇ ਖੂਨ ਨਾਲ ਪਿਆਸ ਮਿਟਾਵੇ। ਇੰਝ ਉਨ੍ਹਾਂ ਨੇ ਪੰਜ ਜਿੰਦਾ - ਸ਼ਹੀਦਾਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ-ਆਪ ਨੂੰ ਉਸੇ ਪੰਗਤੀ ਵਿੱਚ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬ ਨੇ ਸਮਾਜ ਵਿੱਚੋਂ ਊਚ-ਨੀਚ ਤੇ ਜਾਤ ਪਾਤ ਦੇ ਫ਼ਰਕ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਗੁਰੂ ਦਾ ਸਿੰਘ ਕੇਵਲ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦਾ ਸਗੋਂ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਵੀ ਕਰਦਾ ਹੈ। ਉਹ ਕਿਰਤ ਕਰਦਾ ਹੈ, ਵੰਡ ਛਕਦਾ ਹੈ ਤੇ ਨਾਮ ਜਪਦਾ ਹੈ। ਉਹ ਮਿਠ ਬੋਲੜਾ ਹੈ ਤੇ ਉੱਚੇ ਆਚਰਣ ਵਾਲਾ ਹੈ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਦੇ ਲਈ ਭਾਰੀ ਫੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉੱਤੇ ਪੰਜ ਵੇਰ ਹਮਲਾ ਕੀਤਾ। ਚਾਰ ਲੜਾਈਆਂ ਵਿੱਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵੇਰ ਭਾਰੀ ਫੌਜ ਨਾਲ ਸ਼ਾਹੀ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫੌਜਾਂ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਲੜਾਈ ਬੰਦ ਕਰਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਗੁਰੂ ਸਾਹਿਬ ਨੇ ਆਪਣੇ ਸਿੰਘਾਂ ਦਾ ਹੁਕਮ ਮੰਨਦੇ ਹੋਇਆ ਕਿਲਾ ਛੱਡਣ ਦਾ ਫੈਸਲਾ ਕੀਤਾ। ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁੱਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਅੱਗੇ ਸਿਰਸਾ ਨਦੀ ਸੀ ਜਿਸ ਵਿੱਚ ਹੜ੍ਹ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜੱਥੇ ਬਣਾਏ ਗਏ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇੱਥੋਂ ਚਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਡ ਪੈ ਰਹੀ ਸੀ। ਇੱਥੇ ਗੁਰੂ ਜੀ ਨੇ ਇੱਕ ਵੱਡੀ ਹਵੇਲੀ ਵਿੱਚ ਟਿਕਾਣਾ ਕੀਤਾ ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫੌਜਾਂ ਪਿੱਛਾ ਕਰਦੀਆਂ ਇੱਥੇ ਹੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜੱਥੇ ਬਣਾਏ ਗਏ ਜਿਨ੍ਹਾਂ ਗੜ੍ਹੀ ਵਿੱਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜੱਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੇ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿੱਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਸੰਸਾਰ ਵਿੱਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜ਼ਲੂਮਾਂ ਦੀ ਰਾਖੀ ਖਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਦੇ ਨਾਲ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ



ਡਾ. ਰਣਜੀਤ ਸਿੰਘ

ਪ੍ਰਾਪਤ ਕੀਤੀਆਂ। ਗੁਰੂ ਜੀ ਜਦੋਂ ਘੋੜੇ ਉੱਤੇ ਚੜ੍ਹੇ ਜਾ ਰਹੇ ਸਨ ਤਾਂ ਇੱਕ ਥਾਂ ਘੋੜਾ ਰੁਕ ਗਿਆ। ਜਦੋਂ ਵੇਖਿਆ ਗਿਆ ਤਾਂ ਅੱਗੇ ਸਾਹਿਬਜ਼ਾਦੇ ਦਾ ਸਰੀਰ ਪਿਆ ਸੀ। ਭਾਈ ਦਇਆ ਸਿੰਘ ਆਪਣਾ ਕਮਰਕੱਸਾ ਖੋਲ੍ਹ ਸਾਹਿਬਜ਼ਾਦੇ ਉੱਤੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਰੋਕ ਦਿੱਤਾ। ਆਖਿਆ ਇਹ ਸਾਰੇ ਮੇਰੇ ਹੀ ਸਾਹਿਬਜ਼ਾਦੇ ਹਨ ਕੋਈ ਆ ਕੇ ਆਪੇ ਹੀ ਇਨ੍ਹਾਂ ਦਾ ਸੰਸਕਾਰ ਕਰ ਦੇਵੇਗਾ। ਆਏ, ਆਪਣੇ ਪੈਰੋਂ ਜੁੱਤੀ ਵੀ ਲਾਹ ਦਿੱਤੀ ਕਿਤੇ ਇਹ ਕਿਸੇ ਸ਼ਹੀਦ ਨੂੰ ਛੂਹ ਨਾ ਜਾਵੇ। ਗੁਰੂ ਨੰਗੇ ਪੈਰੀਂ ਪੈਦਲ ਸਾਰੀ ਰਾਤ ਜੰਗਲ ਵਿੱਚ ਤੁਰਦੇ ਹੋਏ ਮਾਛੀਵਾੜੇ ਪੁੱਜੇ। ਕੰਕਰੀਲੀ ਰਾਤ ਵਿੱਚ ਠੰਡੇ ਫਰਸ਼ ਤੇ ਬੈਠ ਵੀ ਪ੍ਰਮਾਤਮਾ ਦਾ ਸ਼ੁਕਰ ਕੀਤਾ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਉਮਰ ਨੌ ਸਾਲ ਤੇ ਬਾਬਾ ਫਤਹਿ ਸਿੰਘ ਉਮਰ ਸੱਤ ਸਾਲ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਿਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿਛੜ ਗਏ ਸਨ। ਉਨ੍ਹਾਂ ਨਾਲ ਕੇਵਲ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁੱਝ ਸ਼ਾਹੀ ਫੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇੱਕ ਬਜ਼ੁਰਗ ਔਰਤ ਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਇਸਲਾਮ ਕਬੂਲਣ ਲਈ ਉਨ੍ਹਾਂ ਨੂੰ ਕੜਾਕੇ ਦੀ ਠੰਡ ਵਿੱਚ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ, ਡਰਾਇਆ ਤੇ ਧਮਕਾਇਆ ਗਿਆ। ਜਦੋਂ ਡਰ ਅਤੇ ਤਸੀਹੇ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕੇ ਤਾਂ ਲਾਲਚ ਦਿੱਤੇ ਗਏ ਪਰ ਸਾਹਿਬਜ਼ਾਦੇ ਅਟੱਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਸੂਬੇਦਾਰ ਨੇ ਗੁੱਸੇ ਵਿੱਚ ਆ ਕੇ ਸਾਹਿਬਜ਼ਾਦਿਆਂ ਨੂੰ ਕੰਧਾਂ ਨਾਲ ਚਿਣਵਾਉਣ ਦਾ ਹੁਕਮ ਸੁਣਾ ਦਿੱਤਾ।

ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਅਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁੱਖ ਉੱਤੇ ਇੱਕ ਇਲਾਹੀ ਨੂਰ ਸੀ, ਉਹ ਚੜ੍ਹਦੀ ਕਲਾ ਵਿੱਚ ਸਨ ਤੇ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਬੱਚੇ ਅਡੋਲ ਖੜ੍ਹੇ ਸਨ ਤੇ ਰਾਜ ਇੱਟਾਂ ਚਿਣ ਰਿਹਾ ਸੀ। ਇਸ ਤੋਂ ਵੱਡਾ ਸ਼ਾਇਦ ਕੋਈ ਹੋਰ ਜ਼ੁਲਮ ਹੋ ਹੀ ਨਹੀਂ ਸਕਦਾ। ਜਦੋਂ ਇਹ ਖ਼ਬਰ ਮਾਤਾ ਗੁਜਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਕੁੱਝ ਇਤਿਹਾਸਕਾਰ ਆਖਦੇ ਹਨ ਕਿ ਮਾਤਾ ਜੀ ਬੁਰਜ ਦੇ ਬਾਹਰ ਖੜ੍ਹੇ ਪੋਤਰਿਆਂ ਨੂੰ ਜਾਂਦੇ ਵੇਖ ਰਹੇ ਸਨ। ਜ਼ਾਲਮ ਸਿਪਾਹੀਆਂ ਨੇ ਉਨ੍ਹਾਂ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ। ਹੇਠ ਡਿਗਦਿਆਂ ਹੀ ਬਜ਼ੁਰਗ ਸਰੀਰ ਨੇ ਪ੍ਰਾਣ ਤਿਆਗ ਦਿੱਤੇ। ਇਸ ਖਬਰ ਨੂੰ ਸੁਣ ਕੇ ਗੁਰੂ ਜੀ ਨੇ ਆਖਿਆ, "ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜ਼ਬਰ ਤੇ ਜ਼ੁਲਮ ਦਾ ਬੂਟਾ ਪੁੱਟਿਆ ਜਾਵੇਗਾ।"

ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਜਦੋਂ ਸੰਗਤ ਕੋਲ ਪੁੱਜੀ ਤਾਂ ਉਨ੍ਹਾਂ ਦਾ ਗੁੱਸਾ ਜਾਗਿਆ। ਜਦੋਂ ਲੋਕ ਜਾਗਦੇ ਹਨ ਤਾਂ ਵੱਡੀ ਤੋਂ ਵੱਡੀ ਤਾਕਤ ਵੀ ਮੁਕਾਬਲਾ ਨਹੀਂ ਕਰ ਸਕਦੀ। ਲੋਕਾਂ ਦੇ ਹੱਥ ਜਿਹੜਾ ਵੀ ਹਥਿਆਰ ਆਇਆ ਚੁੱਕ ਆਪਣੇ ਗੁਰੂ ਦਾ ਸਾਥ ਦੇਣ ਵਹੀਰਾਂ ਘੱਤ ਘਰਾਂ ਵਿੱਚੋਂ ਨਿਕਲੇ। ਗੁਰੂ ਜੀ ਰਾਹ ਦੇ ਦੁੱਖਾਂ-ਤਕਲੀਫ਼ਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁੱਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਦੇ ਨਾਲ ਹੋ ਗਈ। ਜ਼ਾਲਮ ਫੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜ਼ਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫੌਜਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ। ਮੁੜ ਸ਼ਾਹੀ ਫੌਜ ਦਾ ਗੁਰੂ ਜੀ ਉੱਤੇ ਹਮਲਾ ਕਰਨ ਦਾ ਕਦੇ ਵੀ ਹੌਸਲਾ ਨਹੀਂ ਹੋਇਆ। ਇਸ ਯੁੱਧ ਵਿੱਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ, ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਇਸ ਕਰਕੇ ਇਸ ਧਰਤੀ ਨੂੰ ਮੁਕਤਸਰ ਸਾਹਿਬ ਦਾ ਨਾਮ ਦਿੱਤਾ ਗਿਆ। ਇੱਥੇ ਭਾਈ ਮੋਤੀ ਰਾਮ ਮਹਿਰਾ ਦੀ ਤੇ ਉਨ੍ਹਾਂ ਦੇ ਪਰਿਵਾਰ ਦੀ ਕੁਰਬਾਨੀ ਦੀ ਚਰਚਾ ਜ਼ਰੂਰੀ ਹੈ ਕਿਉਂਕਿ ਅਜਿਹੀ ਕੁਰਬਾਨੀ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਈ ਸੀ ਅਤੇ ਨਾ ਹੀ ਮੁੜ ਹੋਵੇਗੀ। ਭਾਈ ਮੋਤੀ ਰਾਮ ਨੂੰ ਜਦੋਂ ਪਤਾ ਲੱਗਾ ਕਿ ਮਾਸੂਮ ਸਾਹਿਬਜ਼ਾਦੇ ਅਤੇ ਮਾਤਾ ਜੀ ਨੂੰ ਭੁੱਖੇ ਭਾਣੇ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ ਹੈ ਤਾਂ ਉਹ ਉਨ੍ਹਾਂ ਲਈ ਗਰਮ ਦੁੱਧ ਲੈ ਕੇ ਗਿਆ ਮਾਤਾ ਜੀ ਨੇ ਆਖਿਆ ਮੋਤੀ ਰਾਮ ਤੈਨੂੰ ਪਤਾ ਇਸ ਦੀ ਤੈਨੂੰ ਕਿਤਨੀ ਕੀਮਤ ਚੁਕਾਉਣੀ ਪਵੇਗੀ। ਭਾਈ ਸਾਹਿਬ ਨੇ ਮਾਤਾ ਜੀ ਦੇ ਚਰਨ ਸਪੱਰਸ਼ ਕਰਦੇ ਹੋਇਆਂ ਉੱਤਰ ਦਿੱਤਾ ਮੈਨੂੰ ਪਤਾ ਹੈ ਕਿ ਜਦੋਂ ਇਹ ਖ਼ਬਰ ਸੂਬੇਦਾਰ ਨੂੰ ਪਤਾ ਲਗੇਗੀ ਤਾਂ ਉਹ ਮੈਨੂੰ ਤੇ ਮੇਰੇ ਪਰਿਵਾਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦੇਵੇਗਾ। ਮਾਤਾ ਜੀ ਨੇ ਆਖਿਆ ਫਿਰ ਤੂੰ ਇਹ ਖਤਰਾ ਕਿਉਂ ਸਹੇੜਿਆ ਹੈ। ਭਾਈ ਜੀ ਦਾ ਉੱਤਰ ਸੀ ਮਾਤਾ ਜੀ ਮੇਰੇ ਧੰਨਭਾਗ ਮੈਨੂੰ ਇਹ ਸਭ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਤੁਹਾਡਾ ਅਸ਼ੀਰਵਾਦ ਸ਼ਹਾਦਤ ਵੇਲੇ ਮੈਨੂੰ ਡੋਲਣ ਨਹੀਂ ਦੇਵੇਗਾ। ਇਹ ਸਰੀਰ ਤਾਂ ਨਾਸ਼ਵਾਨ ਹੈ ਇਸ ਨੇ ਤਾਂ ਨਸ਼ਟ ਹੋਣਾ ਹੀ ਹੈ ਪਰ ਤੁਹਾਡੀ ਸੇਵਾ ਦਾ ਮੌਕਾ ਤਾਂ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਖ਼ਬਰ ਮਿਲਣ ਉੱਤੇ ਸੂਬਾ ਸਰਹਿੰਦ ਨੇ ਭਾਈ ਨੂੰ ਆਪਣੇ ਸਾਹਮਣੇ ਪਰਿਵਾਰ ਸਮੇਤ ਪੇਸ਼ ਹੋਣ ਦਾ ਹੁਕਮ ਸੁਣਾਇਆ। ਸੂਬੇਦਾਰ ਨੇ ਆਖਿਆ ਤੇਰਾ ਗੁਨਾਹ ਮੁਆਫ ਨਹੀਂ ਕੀਤਾ ਜਾ ਸਕਦਾ ਪਰ ਜੇਕਰ ਤੂੰ ਇਸਲਾਮ ਕਬੂਲ ਕਰ ਲਵੇਂ ਤਾਂ ਮੁਆਫ ਕੀਤਾ ਜਾ ਸਕਦਾ ਹੈ। ਭਾਈ ਸਾਹਿਬ ਦਾ ਉੱਤਰ ਸੀ ਮਾਤਾ ਜੀ ਵੱਲੋਂ ਮਿਲੇ ਅਸ਼ੀਰਵਾਦ ਸਦਕਾ ਮੈਂ ਸਾਰੇ ਕਸ਼ਟ ਸਹਾਰ ਸਕਦਾ ਹਾਂ ਪਰ ਆਪਣਾ ਧਰਮ ਨਹੀਂ ਛੱਡ ਸਕਦਾ। ਨਵਾਬ ਨੇ ਹੁਕਮ ਕੀਤਾ ਕਿ ਉਸ ਦੇ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਜਾਵੇ। ਸਭ ਤੋਂ ਪਹਿਲਾਂ ਉਸ ਦੇ ਮਾਸੂਮ ਪੁੱਤਰ ਨੂੰ ਪੀੜਿਆ ਗਿਆ। ਭਾਈ ਸਾਹਿਬ ਅਡੋਲ ਰਹੇ ਅਤੇ ਇਸਲਾਮ ਕਬੂਲਣ ਤੋਂ ਨਾਂਹ ਕਰ ਦਿੱਤੀ। ਸਾਰੇ ਪਰਿਵਾਰ ਨੂੰ ਸ਼ਹੀਦ ਕਰਕੇ ਮੁੜ ਪੁੱਛਿਆ ਗਿਆ ਕਿ ਅਜੇ ਵੀ ਮੌਕਾ ਹੈ ਇਸਲਾਮ ਕਬੂਲ ਕਰ ਲਵੋ। ਭਾਈ ਸਾਹਿਬ ਦਾ ਉੱਤਰ ਸੀ, ਪਰਿਵਾਰ ਤਾਂ ਸਾਰਾ ਸ਼ਹੀਦ ਹੋ ਗਿਆ, ਹੁਣ ਜੀਵਨ ਦੀ ਲੋੜ ਨਹੀਂ। ਗੁਰੂ ਜੀ ਦੀ ਕ੍ਰਿਪਾ ਕਿ ਮੈਂ ਸਿਦਕ ਨਿਭਾ ਸਕਿਆ ਹਾਂ।

ਇੰਝ ਦਸਮੇਸ਼ ਪਿਤਾ ਜੀ ਨੇ ਖਾਲਸੇ ਦੀ ਸਿਰਜਣਾ ਸ਼ਹੀਦੀ ਰੂਪੀ ਇੱਟਾਂ ਨਾਲ ਕੀਤੀ। ਗੁਰੂ ਜੀ ਦੇ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਆਪਣੇ ਸਿਰਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਪੰਜ ਸਾਲਾਂ ਪਿੱਛੋਂ ਹੀ ਸਰਹੰਦ ਦੀ ਇੱਟ ਨਾਲ ਇੱਟ ਵਜਾ ਕੇ ਜ਼ਾਲਮ ਰਾਜ ਦਾ ਅੰਤ ਕਰ ਦਿੱਤਾ ਤੇ ਖਾਲਸਾ ਰਾਜ ਦੀ ਨੀਂਹ ਰੱਖੀ। ਸੰਸਾਰ ਵਿੱਚ ਪਹਿਲੀ ਵੇਰ ਲੋਕ ਰਾਜ ਸਥਾਪਿਤ ਹੋਇਆ। ਹੁਣ ਵੀ ਸੰਸਾਰ ਵਿੱਚ ਜਿੱਥੇ ਕਿਤੇ ਵੀ ਮੁਸੀਬਤ ਆਉਂਦੀ ਹੈ ਤਾਂ ਗੁਰੂ ਦੇ ਸਿੰਘ ਸਭ ਤੋਂ ਪਹਿਲਾਂ ਸਹਾਇਤਾ ਲਈ ਪੁੱਜਦੇ ਹਨ। ਅਜਿਹਾ ਸੰਸਾਰ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ ਤੇ ਸ਼ਾਇਦ ਮੁੜ ਕਦੇ ਵੀ ਨਹੀਂ ਹੋਵੇਗਾ।

# ਗੰਨੇ ਦੀ ਕਾਸ਼ਤ ਦੇ ਨਾਲ-ਨਾਲ ਹੋਰ ਫ਼ਸਲਾਂ ਨੂੰ ਤਵੱਜੋ ਦੇਣ ਲੱਗੇ ਅਗਾਂਹਵਧੂ ਕਿਸਾਨ

ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਝੋਨੇ ਅਤੇ ਕਣਕ ਦੇ ਫ਼ਸਲੀ ਚੱਕਰ ਤੋਂ ਬਾਹਰ ਕੱਢਣ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਵੇਂ ਹੀ ਪਿਛਲੇ 15 ਸਾਲ ਤੋਂ ਤੀਸਰੇ ਬਦਲ ਵਜੋਂ 25 ਏਕੜ ਵਿੱਚ ਗੰਨੇ ਦੀ ਬਿਜਾਈ ਕਰ ਰਹੇ ਗੁਰਦਿਆਲ ਸਿੰਘ ਦੋਸਤਪੁਰ ਨੇ ਦੱਸਿਆ ਕਿ ਉਹ ਪਿਛਲੇ 15 ਸਾਲ ਤੋਂ ਲਗਾਤਾਰ 25 ਏਕੜ ਵਿੱਚ ਗੰਨੇ ਦੀ ਕਾਸ਼ਤ ਕਰਦਾ ਆ ਰਿਹਾ ਹੈ। ਗੰਨੇ ਦੀ ਫ਼ਸਲ ਲਾਹੇਵੰਦ ਹੋਣ ਦਾ ਮੁੱਖ ਕਾਰਨ ਸਰਦ ਰੁੱਤ ਅਤੇ ਪੱਤਝੜ ਰੁੱਤੇ ਕਮਾਦ ਦੀ ਫ਼ਸਲ ਵਿੱਚ ਕਣਕ, ਗੋਭੀ ਸਰ੍ਹੋਂ, ਅਫਰੀਕੀ ਸਰ੍ਹੋਂ, ਤੋਰੀਆ, ਛੋਲੇ, ਮਸਰ, ਆਲੂ, ਬੰਦ ਗੋਭੀ, ਚੰਦਰਮੁਖੀ, ਮੂਲੀ, ਮਟਰ ਅਤੇ ਦਸੰਬਰ ਵਿੱਚ ਟਮਾਟਰਾਂ ਦੀ ਪਨੀਰੀ, ਪਿਆਜ਼ ਤੋਂ ਇਲਾਵਾ ਸਬਜ਼ੀਆਂ ਵੀ ਬਿਜਾਈ ਕਰਨ ਨਾਲ ਚੌਖੀ ਆਮਦਨ ਹੁੰਦੀ ਹੈ। ਕਿਸਾਨ ਮਨਦੀਪ ਸਿਘ ਪੰਨੂ ਨੇ ਦੱਸਿਆ ਕਿ ਉਹ ਗੰਨੇ ਵਾਲੇ ਖੇਤਾਂ ਵਿੱਚ ਪਾਪੂਲਰ ਦੀ ਖੇਤੀ ਤੋਂ ਇਲਾਵਾ ਕਣਕ ਦੀ ਖੇਤੀ ਅਤੇ ਪਸ਼ੂਆਂ ਦਾ ਚਾਰਾ ਵੀ ਬੀਜਿਆ ਜਾਂਦਾ ਹੈ। ਗੰਨਾ ਕਾਸ਼ਤਕਾਰ ਪਰਮਜੀਤ ਸਿੰਘ, ਮੁਖਵਿੰਦਰ ਸਿੰਘ, ਹਰਦਿਆਲ ਸਿੰਘ, ਅਮਰ ਸਿੰਘ ਆਦਿ ਨੇ ਦੱਸਿਆ ਕਿ ਜਿੱਥੇ ਪਿਛਲੇ ਦਿਨੀਂ ਆਏ ਹੜ੍ਹਾਂ ਦੌਰਾਨ ਜਿਨ੍ਹਾਂ ਖੇਤਾਂ ਵਿੱਚ 3-4 ਫੁੱਟ ਪਾਣੀ ਖੜ੍ਹ ਜਾਣ ਕਾਰਨ ਝੋਨੇ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਸਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਗੰਨਾ ਕਾਸ਼ਤਕਾਰਾਂ ਦੀ ਆਪਣੀ ਮੈਨ ਪਾਵਰ ਹੈ, ਉਹ ਗੁੜ ਬਣਾ ਕੇ ਚੋਖੀ ਆਮਦਨ ਕਰ ਰਹੇ ਹਨ। ਕਿਸਾਨਾਂ ਨੇ ਕਿਹਾ ਕਿ ਜੇ ਸਰਕਾਰ ਗੰਨੇ ਦੀ ਬਿਜਾਈ ਤੋਂ ਲੈ ਕੇ ਕਟਾਈ ਤੱਕ ਦੇ ਸੰਦ ਕਿਸਾਨਾਂ ਨੂੰ ਸਬਸਿਡੀ 'ਤੇ ਮੁਹੱਈਆ ਕਰਵਾਏ ਤਾਂ ਆਉਣ ਵਾਲੇ ਸਮੇਂ ਵਿੱਚ ਗੰਨੇ ਦੀ ਬਿਜਾਈ ਨੂੰ ਕਿਸਾਨ ਹੋਰ ਤਰਜ਼ੀਹ ਦੇਣਗੇ। ਉਹਨਾਂ ਦੱਸਿਆ ਕਿ ਗੰਨਾ ਪ੍ਰਤੀ ਏਕੜ ਵਿੱਚੋਂ 350 ਤੋਂ ਲੈ ਕੇ 500 ਕੁਇੰਟਲ ਤੱਕ ਵੀ ਨਿਕਲ ਜਾਂਦਾ ਹੈ ਅਤੇ ਪ੍ਰਤੀ ਏਕੜ 400 ਕੁਇੰਟਲ ਔਸਤਨ ਆਉਂਦੀ ਹੈ। ਉਨ੍ਹਾਂ ਕਿਹਾ ਕਿ ਗੰਨੇ ਦਾ ਰੇਟ ਇਸ ਵਾਰ 416 ਰੁਪਏ ਕੀਤਾ ਗਿਆ ਹੈ।

ਕਾਬਿਲੇ ਜ਼ਿਕਰ ਹੈ ਕਿ ਪੰਜਾਬ ਦੇ ਗੰਨਾ ਕਾਸ਼ਤਕਾਰਾਂ ਨੂੰ ਗੁਆਂਢੀ ਸੂਬਿਆਂ ਨਾਲੋਂ ਵੱਧ ਰੇਟ ਪ੍ਰਾਪਤ ਹੋ ਰਿਹਾ ਹੈ। ਉੱਤਰਾਖੰਡ ਵਿੱਚ ਗੰਨੇ ਦੀ ਖੇਤੀ ਕਿਸਮ ਦਾ ਭਾਅ 400, ਉੱਤਰ ਪ੍ਰਦੇਸ਼ 400, ਹਰਿਆਣਾ 408 ਅਤੇ ਪੰਜਾਬ ਨੂੰ 416 ਪ੍ਰਤੀ ਕੁਇੰਟਲ ਰੇਟ ਪ੍ਰਾਪਤ ਹੋ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਭਰ ਵਿੱਚ 95 ਹਜ਼ਾਰ ਹੈਕਟੇਅਰ ਰਕਬੇ ਵਿੱਚ ਗੰਨੇ ਦੀ ਬਿਜਾਈ ਕੀਤੀ ਗਈ ਹੈ, ਜਿਸ ਵਿੱਚੋਂ ਸਭ ਤੋਂ ਵੱਧ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 25 ਹਜ਼ਾਰ ਹੈਕਟੇਅਰ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ 22 ਹਜ਼ਾਰ ਹੈਕਟੇਅਰ ਰਕਬੇ ਵਿੱਚ ਗੰਨੇ ਦੀ ਬਿਜਾਈ ਕਰਨਾਲ ਪੰਜਾਬ ਭਰ ਵਿੱਚੋਂ ਹੁਸ਼ਿਆਰਪੁਰ ਪਹਿਲੇ ਅਤੇ ਗੁਰਦਾਸਪੁਰ ਦੂਸਰੇ ਸਥਾਨ 'ਤੇ ਹੈ, ਜਦੋਂਕਿ ਗੰਨੇ ਦੀ ਔਸਤਨ ਪੈਦਾਵਾਰ ਸੰਬੰਧੀ ਕਪੂਰਥਲਾ ਜ਼ਿਲ੍ਹਾ ਪੰਜਾਬ ਭਰ ਦੇ ਸਾਰਿਆਂ ਜ਼ਿਲ੍ਹਿਆਂ ਵਿੱਚ ਮੋਹਰੀ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਗੰਨੇ ਦੀ ਔਸਤਨ ਪੈਦਾਵਾਰ ਸਬੰਧੀ ਇਕੱਤਰ ਕੀਤੇ ਗਏ ਵੇਰਵਿਆਂ ਮੁਤਾਬਕ ਗੁਰਦਾਸਪੁਰ 340.828, ਅੰਮ੍ਰਿਤਸਰ 321.887, ਬਰਨਾਲਾ 329.288, ਫਤਿਹਗੜ੍ਹ ਸਾਹਿਬ 361.025, ਫਾਜ਼ਿਲਕਾ 337.941, ਹੁਸ਼ਿਆਰਪੁਰ 314.646, ਜਲੰਧਰ 327.926, ਕਪੂਰਥਲਾ 377.443, ਲੁਧਿਆਣਾ 354.108, ਐਸ. ਏ. ਐਸ. ਨਗਰ 355.018, ਪਠਾਨਕੋਟ 320.584, ਪਟਿਆਲਾ 366.559, ਰੂਪਨਗਰ 253.889, ਸੰਗਰੂਰ 369.239, ਐਸ. ਬੀ. ਐਸ. ਨਗਰ 34.578, ਮਾਲੇਰਕੋਟਲਾ 374.866 ਔਸਤਨ ਪੈਦਾਵਾਰ ਕੀਤੀ ਗਈ।

### ਗੰਨੇ ਦੀ ਖੇਤੀ ਕਿਸਾਨਾਂ ਲਈ ਲਾਹੇਵੰਦ : ਅਮਰੀਕ ਸਿੰਘ

ਡਾ. ਅਮਰੀਕ ਸਿੰਘ ਕਮਿਸ਼ਨਰ ਸ਼ੂਗਰਕੇਨ ਪੰਜਾਬ ਨੇ ਗੱਲਬਾਤ ਦੌਰਾਨ ਦੱਸਿਆ ਕਿ ਦਸੰਬਰ-ਜਨਵਰੀ ਦੌਰਾਨ ਕਰਵਾਏ ਜਾਣ ਵਾਲੇ ਆਨਲਾਈਨ ਅਤੇ ਆਫਲਾਈਨ ਸੈਮੀਨਾਰਾਂ ਬਾਰੇ ਵਿਉਂਤਬੰਦੀ ਕੀਤੀ ਗਈ ਹੈ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਕਮਾਦ ਦੀ ਫ਼ਸਲ ਉਹ ਹੁੰਦੀ ਹੈ, ਜੋ ਪਹਿਲੇ ਸਾਲ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਜ਼ਮੀਨ ਨੂੰ ਬਗੈਰ ਵਾਹਿਆਂ ਤੇ ਬੀਜ ਬੀਜਿਆਂ ਦੂਜੇ ਸਾਲ ਵਿੱਚ ਤਿਆਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਬਹਾਰ ਰੁੱਤ ਵਿੱਚ ਬੀਜੇ ਕਮਾਦ ਦੀਆਂ ਦੋ ਕਤਾਰਾਂ ਵਿੱਚ ਗਰਮ ਰੁੱਤ ਦੀ ਮੂੰਗੀ ਜਾਂ ਮਾਂਹ ਦੀਆਂ ਸਿਫਾਰਿਸ਼ ਕਿਸਮਾਂ ਦੀ ਇੱਕ-ਇੱਕ ਲਾਈਨ ਬੀਜ ਕੇ ਇਨ੍ਹਾਂ ਫ਼ਸਲਾਂ ਦਾ 15 ਤੋਂ 20 ਕੁਇੰਟਲ ਪ੍ਰਤੀ ਏਕੜ ਵਾਧੂ ਝਾੜ ਲਿਆ ਜਾ ਸਕਦਾ ਹੈ। ਉਨ੍ਹਾਂ ਕਮਾਦ ਨੂੰ ਲੱਗਣ ਵਾਲੇ ਰੱਤਾ ਰੋਗ ਬਾਰੇ ਕਿਹਾ ਕਿ ਇਹ ਰੋਗ ਇੱਕ ਉੱਲ੍ਹੀ ਕਰਕੇ ਹੁੰਦਾ ਹੈ। ਇਹ ਬਿਮਾਰੀ ਜੁਲਾਈ ਤੋਂ ਫ਼ਸਲ ਦੀ ਕਟਾਈ ਤੱਕ ਮਾਰ ਕਰਦੀ ਹੈ। ਸਿਰੇ ਵਾਲੇ ਪੱਤਿਆਂ ਦਾ ਰੰਗ ਬਦਲ ਕੇ ਪੀਲਾ ਪੈ ਜਾਂਦਾ ਹੈ ਤੇ ਫੇਰ ਸਾਰੇ ਪੱਤੇ ਮੁਰਝਾਅ ਜਾਂਦੇ ਹਨ। ਇਸ ਦੀ ਰੋਕਥਾਮ ਲਈ ਬਿਜਾਈ ਲਈ ਬੀਜ ਕੇਵਲ ਰੋਗ ਰਹਿਤ ਫ਼ਸਲ ਵਿੱਚੋਂ ਲਵੋ। ਬਿਮਾਰੀ ਵਾਲੇ ਖੇਤਾਂ ਵਿੱਚ ਇੱਕ ਸਾਲ ਲਈ ਗੰਨਾ ਨਾ ਬੀਜੋ।

# ਸਿਖਰਲੇ ਪਿੰਡਾਂ ਵਿੱਚ ਸ਼ੁਮਾਰ ਹੈ ਗੁਰਦਾਸਪੁਰ ਦਾ 'ਨਵਾਂ ਪਿੰਡ ਸਰਦਾਰਾਂ'

**★ ਦੇਸ਼ ਦੇ 750 ਪਿੰਡਾਂ ਨੂੰ ਪਛਾੜ ਕੇ ਹਾਸਲ ਕਰ ਚੁੱਕਾ ਹੈ ਐਵਾਰਡ**

**★ ਵਿਰਾਸਤ ਸੰਭਾਲਣ ਦੇ ਮਾਮਲੇ ਵਿੱਚ ਵੱਡੇ ਪਿੰਡਾਂ ਵਿੱਚ ਗਿਣਿਆ ਜਾਂਦੈ**

ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਵਿੱਚ ਅਜਿਹਾ ਪਿੰਡ ਵੀ ਹੈ, ਜਿਸ ਨੂੰ ਦੇਸ਼ ਦੇ ਸਿਖਰਲੇ ਪਿੰਡਾਂ ਵਿੱਚ ਸ਼ੁਮਾਰ ਹੋਣ ਦਾ ਮਾਣ ਹਾਸਲ ਹੈ। ਗੁਰਦਾਸਪੁਰ ਦੇ ਪ੍ਰਸਿੱਧ ਪਿੰਡ 'ਨਵਾਂ ਪਿੰਡ ਸਰਦਾਰਾਂ' ਨੇ ਸਤੰਬਰ 2023 ਵਿੱਚ ਉਸ ਸਮੇਂ ਇਤਿਹਾਸ ਸਿਰਜ ਦਿੱਤਾ ਸੀ, ਜਦੋਂ ਕੇਂਦਰੀ ਸੈਰ ਸਪਾਟਾ ਮੰਤਰਾਲੇ ਵੱਲੋਂ ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਉਸ ਨੂੰ ਦੇਸ਼ ਦਾ ਸਰਬੋਤਮ ਸੈਰ ਸਪਾਟਾ ਪਿੰਡ-2023 ਦੇ ਐਵਾਰਡ ਨਾਲ ਨਿਵਾਜਿਆ ਗਿਆ। ਇਹ ਐਵਾਰਡ ਜ਼ਿਲ੍ਹਾ ਗੁਰਦਾਸਪੁਰ ਦੇ ਇਸ ਸਮੇਂ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਹਾਸਲ ਕੀਤਾ ਸੀ।



ਗੁਰਦਾਸਪੁਰ ਤੋਂ ਸਿਰਫ 7 ਕਿਲੋਮੀਟਰ ਦੂਰ ਇਸ ਪਿੰਡ ਨੂੰ ਸੈਰ ਸਪਾਟੇ ਰਾਹੀਂ ਪੰਜਾਬ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ, ਸੰਭਾਲਣ ਅਤੇ ਟਿਕਾਊ ਵਿਕਾਸ ਲਈ ਇਸ ਮਾਣਮੱਤੇ ਪੁਰਸਕਾਰ ਲਈ ਚੁਣਿਆ ਗਿਆ। ਜ਼ਿਕਰਯੋਗ ਹੈ ਕਿ ਇਸ ਐਵਾਰਡ ਵਾਸਤੇ ਹੋਣ ਵਾਲੇ ਮੁਕਾਬਲੇ ਲਈ ਦੇਸ਼ ਦੇ 31 ਰਾਜਾਂ/ਯੂ. ਟੀ. ਦੇ 750 ਤੋਂ ਵੱਧ ਪਿੰਡਾਂ ਨੇ ਅਰਜ਼ੀਆਂ ਦਿੱਤੀਆਂ ਸਨ।

ਪਿੰਡ ਦੀ ਖਾਸੀਅਤ ਬਾਰੇ ਗੱਲ ਕਰੀਏ ਤਾਂ ਵਿਰਸੇ ਨੂੰ ਸੰਭਾਲਣ ਅਤੇ ਇਸ ਨੂੰ ਸੈਰ-ਸਪਾਟੇ ਦੇ ਨਕਸ਼ੇ 'ਤੇ ਲਿਆਉਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਮਿਸਾਲ ਜ਼ਿਲ੍ਹਾ ਗੁਰਦਾਸਪੁਰ ਦੇ ਅਪਰਬਾਰੀ ਨਹਿਰ ਦੇ ਕੰਢੇ ਵਸੇ ਪਿੰਡ ਨਵਾਂ ਪਿੰਡ ਸਰਦਾਰਾਂ ਵਿੱਚ ਦੇਖਣ ਨੂੰ ਮਿਲਦੀ ਹੈ।

ਅੰਗਰੇਜ਼ਾਂ ਦੇ ਰਾਜ ਦੌਰਾਨ ਬੱਬੇਹਾਲੀ ਤੋਂ ਥੋੜ੍ਹੀ ਦੂਰ ਨਹਿਰ ਦੇ ਕੰਢੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਿੰਘਪੁਰਾ ਦੇ ਸਰਦਾਰਾਂ ਵੱਲੋਂ ਵਸਾਏ ਪਿੰਡ ਦਾ ਨਾਂ ਨਵਾਂ ਪਿੰਡ ਸਰਦਾਰਾਂ ਪੈ ਗਿਆ ਸੀ। ਉਸ ਸਮੇਂ ਇੱਥੇ ਬਰਤਾਨਵੀ ਅਤੇ ਭਾਰਤੀ ਡਿਜ਼ਾਈਨ ਦੀਆਂ ਹਵੇਲੀਆਂ ਬਣੀਆਂ ਸਨ। ਅੱਜ ਵੀ ਇੱਥੇ ਸਿੰਘਪੁਰਾ ਦੇ ਸਰਦਾਰਾਂ ਦੇ ਪਰਿਵਾਰ ਰਹਿੰਦੇ ਹਨ। ਪਿੰਡ ਆਬਾਦੀ ਪੱਖੋਂ ਛੋਟਾ ਹੋਣ ਦੇ ਬਾਵਜੂਦ ਵਿਰਾਸਤ ਨੂੰ ਸੰਭਾਲਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਮਾਮਲੇ ਵਿੱਚ ਵੱਡੇ ਪਿੰਡਾਂ ਵਿੱਚ ਗਿਣਿਆ ਜਾਂਦਾ ਹੈ।

ਭਾਰਤੀ ਫੌਜ ਦੇ ਪਾਇਲਟ ਗੁਰਪ੍ਰੀਤ ਸਿੰਘ ਸੰਘਾ, ਉਨ੍ਹਾਂ ਦੀ ਪਤਨੀ ਸਤਵੰਤ ਕੌਰ, ਉਨ੍ਹਾਂ ਦੀ ਬੇਟੀ ਸਿਮਰਨ ਸੰਘਾ, ਗੁਰਮੀਤ ਰਾਏ, ਮਨਪ੍ਰੀਤ ਸੰਘਾ, ਗੀਤਾ ਸੰਘਾ ਅਤੇ ਨੂਰ ਸੰਘਾ ਨੇ ਨਵਾਂ ਪਿੰਡ ਸਰਦਾਰਾਂ ਨੂੰ ਸੈਰ-ਸਪਾਟੇ ਦੇ ਨਕਸ਼ੇ 'ਤੇ ਲਿਆਉਣ ਲਈ ਅਹਿਮ ਯੋਗਦਾਨ ਪਾਇਆ ਹੈ।

ਲਗਭਗ ਦੋ ਦਹਾਕੇ ਪਹਿਲਾਂ ਇਨ੍ਹਾਂ ਭੈਣਾਂ ਨੇ ਵਿਰਾਸਤੀ ਹਵੇਲੀਆਂ ਦਾ ਪ੍ਰਬੰਧਨ ਕਰਨਾ ਸ਼ੁਰੂ ਕੀਤਾ ਅਤੇ ਸੈਰ-ਸਪਾਟਾ ਵਿਭਾਗ ਨਾਲ ਤਾਲਮੇਲ ਕਰਕੇ ਪਿੰਡ ਨੂੰ ਪੇਂਡੂ ਸੈਰ-ਸਪਾਟਾ ਸਥਾਨ ਵਜੋਂ ਪ੍ਰਫੁੱਲਤ ਕੀਤਾ। ਪਿੰਡ ਵਿੱਚ ਅੰਗਰੇਜ਼ਾਂ ਦੇ ਸਮੇਂ ਦੇ ਸਰਦਾਰਾਂ ਦੀਆਂ ਹਵੇਲੀਆਂ ਸੈਲਾਨੀਆਂ ਦੀ ਰਿਹਾਇਸ਼ ਲਈ ਵਿਕਸਿਤ ਕੀਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਇੱਕ ਹਵੇਲੀ ਦਾ ਨਾਂ ਕੋਠੀ ਅਤੇ ਦੂਜੀ ਦਾ ਨਾਂ ਪਿੱਪਲ ਹਵੇਲੀ ਹੈ।

**ਸੰਨੀ ਦਿਓਲ ਵੀ ਰਹਿ ਚੁੱਕੇ ਨੇ ਇਸ ਹਵੇਲੀ ਵਿੱਚ**

ਜਦੋਂ ਸੈਲਾਨੀਆਂ ਤੋਂ ਆਮਦਨੀ ਆਉਣ ਲੱਗੀ ਤਾਂ ਇਨ੍ਹਾਂ ਭੈਣਾਂ ਨੇ ਆਪਣੀਆਂ ਕੋਠੀਆਂ ਵਿੱਚ ਸਹੂਲਤਾਂ ਵਧਾ ਦਿੱਤੀਆਂ। ਇਨ੍ਹਾਂ ਹਵੇਲੀਆਂ ਦੇ ਕਮਰੇ ਕਿਸੇ ਫਾਈਵ ਸਟਾਰ ਹੋਟਲ ਦੇ ਕਮਰਿਆਂ ਤੋਂ ਘੱਟ ਨਹੀਂ ਹਨ। ਸ਼ਹਿਰ ਦੀ ਭੀੜ-ਭੜੱਕੇ ਤੋਂ ਦੂਰ ਨਹਿਰ ਦੇ ਕੰਢੇ ਪੇਂਡੂ ਸੱਭਿਆਚਾਰ ਇੱਥੇ ਦੇਖਿਆ ਜਾ ਸਕਦਾ ਹੈ। ਜਦੋਂ ਵੀ ਕੋਈ ਵਿਦੇਸ਼ੀ ਸੈਲਾਨੀ ਰੁਕਣ ਆਉਂਦਾ ਹੈ ਤਾਂ ਪਿੰਡ ਦੇ ਲੋਕ ਉਸ ਦੀ ਪੂਰੀ ਮਹਿਮਾਨ-ਨਿਵਾਜੀ ਕਰਦੇ ਹਨ। ਲੋਕ ਸਭਾ ਚੋਣ ਲੜਨ ਸਮੇਂ ਸੰਨੀ ਦਿਓਲ ਨੇ ਨਵਾਂ ਪਿੰਡ ਸਰਦਾਰਾਂ ਦੀ ਇਸ ਹਵੇਲੀ ਵਿੱਚ ਆਪਣੀ ਰਿਹਾਇਸ਼ ਰੱਖੀ ਸੀ। ਇਸ ਤੋਂ ਇਲਾਵਾ ਇੱਥੇ ਕਈ ਫਿਲਮਾਂ ਅਤੇ ਵੀਡੀਓ ਐਲਬਮ ਦੀ ਸ਼ੂਟਿੰਗ ਵੀ ਹੋ ਚੁੱਕੀ ਹੈ।

**ਸਵੈ-ਸਹਾਇਤਾ ਸਮੂਹ ਬਣਾਏ**

ਸੰਘਾ ਭੈਣਾਂ ਨੇ ਪਿੰਡ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਔਰਤਾਂ ਦੇ ਸਵੈ-ਸਹਾਇਤਾ ਗਰੁੱਪ ਬਣਾਏ, ਜੋ ਦਸਤਕਾਰੀ ਦੀਆਂ ਵਸਤੂਆਂ ਤਿਆਰ ਕਰਦੇ ਸਨ। ਪਿੰਡ ਦੀਆਂ ਔਰਤਾਂ ਵੀ ਪ੍ਰਦਰਸ਼ਨੀਆਂ ਵਿੱਚ ਸਾਮਾਨ ਵੇਚ ਕੇ ਆਮਦਨ ਕਮਾ ਰਹੀਆਂ ਹਨ। ਸਿਮਰਨ ਸੰਘਾ ਨੇ ਹਵੇਲੀ ਦੇ ਨਾਲ-ਨਾਲ ਬੱਕਰੀ ਪਾਲਣ ਫਾਰਮ ਵੀ ਸ਼ੁਰੂ ਕੀਤਾ ਹੋਇਆ ਹੈ, ਜਿੱਥੇ ਪਿੰਡ ਦੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ।

# ਪਾਕਿ ਵਿੱਚ ਮੂੰਗਫਲੀ ਖਾਣਾ ਬਣਿਆ ਅਮੀਰਾਂ ਦਾ ਸ਼ੌਕ

## ਮੂੰਗਫਲੀ 1000, ਰਿਓੜੀ 500, ਚਿਲਗੋਜ਼ਾ 8000 ਅਤੇ ਕਾਲੇ ਛੋਲੇ 600 ਵਿੱਚ ਰਹੇ ਪ੍ਰਤੀ ਕਿਲੋ

ਪਾਕਿਸਤਾਨ ਅਤੇ ਭਾਰਤ ਵਿੱਚ ਆਮ ਬੋਲ-ਚਾਲ ਦੌਰਾਨ 'ਗਰੀਬਾਂ ਦੇ ਬਦਾਮ' ਕਹਿ ਕੇ ਸੰਬੋਧਿਤ ਕੀਤੀ ਜਾਣ ਵਾਲੀ ਮੂੰਗਫਲੀ ਖਾਣਾ ਪਾਕਿ ਵਿੱਚ ਅਮੀਰਾਂ ਦਾ ਸ਼ੌਕ ਬਣ ਚੁੱਕਿਆ ਹੈ। ਸਰਦੀਆਂ ਦੇ ਮੌਸਮ ਵਿੱਚ ਲਗਭਗ ਹਰ ਘਰ ਵਿੱਚ ਖਾਧੀ ਜਾਣ ਵਾਲੀ ਮੂੰਗਫਲੀ ਖਰੀਦਣਾ ਆਮ ਪਾਕਿਸਤਾਨੀਆਂ ਲਈ ਮੁਸ਼ਕਲ ਹੋ ਚੁੱਕਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਾਕਿ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮੂੰਗਫਲੀ ਅਤੇ ਹੋਰਨਾਂ ਡਰਾਈ ਫਰੂਟ ਦੇ ਭਾਅ ਵਿੱਚ ਲਗਭਗ 50 ਫੀਸਦੀ ਦਾ ਵਾਧਾ ਹੋਇਆ ਹੈ। ਲਾਹੌਰ ਤੋਂ ਬਾਬਰ ਜਲੰਧਰੀ ਨੇ ਇਸ ਬਾਰੇ ਦੱਸਿਆ ਕਿ ਇਸ ਸਾਲ ਖੁੱਲ੍ਹੀ ਮੰਡੀ ਵਿੱਚ ਮੂੰਗਫਲੀ 1000 ਰੁਪਏ ਪ੍ਰਤੀ ਕਿਲੋ, ਕਾਲੇ ਛੋਲੇ 600 ਰੁਪਏ, ਸਾਧਾਰਨ ਸਖਤ ਅਖਰੋਟ 1000 ਰੁਪਏ, ਚਿਲਗੋਜ਼ਾ 8000 ਰੁਪਏ, ਕਾਜੂ 3000 ਰੁਪਏ, ਪਿਸਤਾ 3600 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ। ਇਸੇ ਤਰ੍ਹਾਂ ਦੇਸੀ ਮੇਵਾ 1400 ਰੁਪਏ ਪ੍ਰਤੀ ਕਿਲੋ, ਅਫਗਾਨ ਮੇਵਾ 1700 ਰੁਪਏ, ਈਰਾਨੀ ਬਦਾਮ 2800 ਰੁਪਏ, ਅਮਰੀਕੀ ਬਦਾਮ 4000 ਰੁਪਏ, ਸੁੱਕੀ ਖੁਰਮਾਨੀ 2400 ਰੁਪਏ, ਮਖਾਣਾ 800 ਰੁਪਏ, ਮੁਨੱਕਾ 900 ਰੁਪਏ, ਆਲੂ ਬੁਖਾਰਾ 1100 ਰੁਪਏ, ਰੇਵੜੀ 500 ਰੁਪਏ ਪ੍ਰਤੀ ਕਿਲੋ ਮਿਲ ਰਹੀ ਹੈ।



## ਜ਼ਿੰਦਗੀ

ਜ਼ਿੰਦਗੀ ਨੂੰ ਸੋਹਣੇ ਢੰਗ ਜੀ ਬੰਦਿਆ
ਦੁਨੀਆਂ ਤੇ ਇਥੇ ਪਿਆ ਕੀ ਬੰਦਿਆ।
ਨਸ਼ੇ ਦੀ ਲਾਹਮਤਾਂ ਤੋਂ ਬੱਚ ਕੇ ਤੂੰ
ਅੱਛੀ ਚੀਜ਼ਾਂ ਖਾ ਜੀ ਹੱਸ ਕੇ ਤੂੰ।
ਸਮਾਜ ਵਿੱਚ ਸਤਿਕਾਰ ਪਾ ਬੰਦਿਆ
ਤਾਂ ਹੀ ਪੂਰੇ ਹੋਣਗੇ ਤੇਰੇ ਚਾਅ ਬੰਦਿਆ।
ਖੜ੍ਹੀ ਹੈ ਜ਼ਿੰਦਗੀ ਵਿਚਾਰਾਂ ਉੱਤੇ ਜੀ,
ਆਪੇ ਭਾਗ ਜਾਗ ਪੈਣੇ ਪਏ ਸੁੱਤੇ ਜੀ।
ਉੱਚਾਈਆਂ ਚੜ੍ਹਾਈਆਂ ਦੀ ਇਹ ਖੇਲ ਰਾਜਨਾ
ਕਸ਼ਟਾਂ ਦੁੱਖਾਂ ਦਾ ਇਹ ਉੱਚਾ ਨੀਵਾ ਮੇਲ ਰਾਜਨਾ।
ਦੁੱਖ ਕਟ ਸੁੱਖ ਨੂੰ ਹੱਥ ਪੈ ਜਾਉਗਾ
ਮਾੜੇ ਕੰਮਾਂ ਵਿੱਚ ਤੂੰ ਪਿੱਛੇ ਰਹਿ ਜਾਉਗਾ।
ਜ਼ਿੰਦਗੀ ਦੇ ਬੰਨ੍ਹਣਾ ਇਤਿਹਾਸ ਬੰਦਿਆ
ਸਖਤ ਮਿਹਨਤ ਅਤਿ ਤੇਰੇ ਰਾਸ ਬੰਦਿਆ।
ਕਲਮ 'ਜਗਜੀਤ' ਦੀ ਸੱਚ ਲਿਖੇ ਜੀ
ਅੱਲ੍ਹਾ ਦਾ ਰਸਤਾ ਸਿੱਧਾ ਦਿੱਸੇ ਜੀ।

ਜਗਜੀਤ ਸਿੰਘ ਝੱਤਰਾ, ਮੋਬਾਇਲ : 78144-90249



# ਸਰਦ ਰੁੱਤ ਵਿੱਚ ਸਬਜ਼ੀਆਂ ਨੂੰ ਠੰਡ ਅਤੇ ਕੋਰੇ ਤੋਂ ਬਚਾਉਣ ਲਈ ਨੁਕਤੇ

ਦਿਲਪ੍ਰੀਤ ਤਲਵਾੜ ਅਤੇ
ਅਮਰਜੀਤ ਸਿੰਘ ਸੰਧੂ,
ਸਬਜ਼ੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
ਮੋਬਾਇਲ : 95927-72123

ਸਰਦੀ ਰੁੱਤ ਦੀਆਂ ਸਬਜ਼ੀਆਂ ਜਿਵੇ ਕਿ ਫੁੱਲ ਗੋਭੀ, ਬੰਦ ਗੋਭੀ, ਪਿਆਜ ਅਤੇ ਲੱਸਣ ਅਕਤੂਬਰ ਨਵੰਬਰ ਵਿੱਚ ਬੀਜੇ ਜਾਣ ਦੇ ਬਾਵਜੂਦ ਵੀ ਕੋਰੇ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਹੁੰਦੀਆਂ। ਜਦਕਿ ਆਲੂ ਅਤੇ ਗਰਮੀ ਰੁੱਤ ਦੀਆਂ ਸਬਜ਼ੀਆਂ ਜਿਵੇ ਕਿ ਖੀਰਾ, ਮਿਰਚ, ਟਮਾਟਰ ਅਤੇ ਬੈਂਗਣ ਕੋਰੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਕਈ ਤਕਨੀਕਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਕੁੱਝ ਦਾ ਜ਼ਿਕਰ ਹੇਠਾਂ ਕੀਤਾ ਗਿਆ ਹੈ।

ਪਲਾਸਟਿਕ ਮਲਚ ਦੇ ਫ਼ਸਲਾਂ ਦੇ ਉਤਪਾਦਨ 'ਤੇ ਕਈ ਤਰ੍ਹਾਂ ਦੇ ਲਾਭਕਾਰੀ ਪ੍ਰਭਾਵ ਹੁੰਦੇ ਹਨ, ਜਿਸ ਵਿੱਚ ਕੋਰੇ ਤੋਂ ਸੁਰੱਖਿਆ, ਮਿੱਟੀ ਦੇ ਤਾਪਮਾਨ ਵਿੱਚ ਵਾਧਾ, ਮਿੱਟੀ ਦੀ ਨਮੀਂ, ਬਣਤਰ ਅਤੇ ਉਪਜਾਊ ਸ਼ਕਤੀ ਦੀ ਸੰਭਾਲ ਅਤੇ ਨਦੀਨਾਂ, ਕੀੜਿਆਂ ਅਤੇ ਬਿਮਾਰੀਆਂ 'ਤੇ ਨਿਯੰਤਰਣ। ਇਸ ਦੀ ਵਰਤੋਂ ਨਾਲ ਅਗੇਤੀ ਫ਼ਸਲ ਵੀ ਉਗਾਈ ਜਾ ਸਕਦੀ ਹੈ।

ਬੂਟੇ ਨੂੰ ਢੱਕ ਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ। ਇਹ ਦਿਨ ਦੇ ਸਮੇਂ ਬੂਟੇ ਉੱਤੇ ਪਈਆਂ ਸੂਰਜ ਦੀਆਂ ਕਿਰਨਾਂ ਨੂੰ ਭੰਡਾਰ ਕਰਦਾ ਹੈ ਅਤੇ ਰਾਤ ਨੂੰ ਲੰਬੀਆਂ ਤਰੰਗਾਂ ਵਾਲੀਆਂ ਕਿਰਨਾਂ ਨੂੰ ਵਧਾ ਕੇ ਬੂਟੇ ਦੇ ਨੇੜਲੇ ਤਾਪਮਾਨ ਨੂੰ ਵਧਾ ਦਿੰਦਾ ਹੈ। ਇਸ ਨੂੰ ਪੋਲੀਥੀਨ ਜਾਂ ਪਰਾਲੀ ਨਾਲ ਢੱਕਿਆ ਜਾਂਦਾ ਹੈ। ਟਮਾਟਰ ਦੀ ਫ਼ਸਲ ਦੀ ਕਾਸ਼ਤ ਦੌਰਾਨ ਟਮਾਟਰ ਦੀ ਪਨੀਰੀ ਨੂੰ ਖੇਤ ਵਿੱਚ ਫਰਵਰੀ ਵਿੱਚ ਲਗਾਇਆ ਜਾਂਦਾ ਹੈ। ਟਮਾਟਰ ਦੀ ਪਨੀਰੀ ਨੂੰ ਤਿਆਰ ਕਰਨ ਲਈ ਇਸ ਦਾ ਬੀਜ ਨਵੰਬਰ ਵਿੱਚ ਬੀਜਿਆ ਜਾਂਦਾ ਹੈ।

ਵੱਖ-ਵੱਖ ਤਕਨੀਕਾਂ ਵਿੱਚੋਂ ਸੁਰੰਗ ਵਾਲੀ ਤਕਨੀਕ ਉਤਪਾਦਕਾਂ ਵਿੱਚ ਵਧੇਰੇ ਪ੍ਰਸਿੱਧ ਹੈ। ਇਸ ਤਕਨੀਕ ਵਿੱਚ ਬੂਟਿਆਂ ਦੀ ਕਤਾਰਾਂ ਨੂੰ ਪਾਰਦਰਸ਼ੀ ਸਮਗਰੀ ਨਾਲ ਢੱਕਿਆ ਜਾਂਦਾ ਹੈ, ਜਿਸ ਨਾਲ ਬੂਟੇ ਦੇ ਆਲੇ-ਦੁਆਲੇ ਦੀ ਹਵਾ ਦਾ ਤਾਪਮਾਨ ਵੱਧ ਜਾਂਦਾ ਹੈ ਜੋ ਕਿ ਬੂਟੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਇਸ ਤਕਨੀਕ ਦੀ ਵਰਤੋਂ ਗਰਮੀ ਰੁੱਤ ਦੀਆਂ ਫ਼ਸਲਾਂ ਨੂੰ ਅਗੇਤੀ ਉਗਾਉਣ ਲਈ ਕੀਤੀ ਜਾਂਦੀ ਹੈ ਅਤੇ ਇਸ ਤਕਨੀਕ ਨਾਲ ਸਬਜ਼ੀਆਂ ਦੀ ਕਾਸ਼ਤ ਨੂੰ ਉਹਨਾਂ ਦੇ ਆਮ ਮੌਸਮ ਨਾਲੋਂ ਇੱਕ ਮਹੀਨਾ ਪਹਿਲਾਂ ਸ਼ੁਰੂ ਕਰ ਸਕਦੇ ਹਾਂ। ਵੱਖ-ਵੱਖ ਸਬਜ਼ੀਆਂ ਜਿਵੇਂ ਕਿ ਖੀਰਾ, ਸ਼ਿਮਲਾ ਮਿਰਚ ਅਤੇ ਬੈਂਗਣ ਨੂੰ ਨੀਵੀਆਂ ਸੁਰੰਗਾਂ ਵਾਲੀ ਤਕਨੀਕ ਨਾਲ ਕਾਸ਼ਤ ਕੀਤਾ ਜਾ ਸਕਦਾ ਹੈ। ਬਿਜਾਈ ਤੋਂ ਬਾਅਦ, ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾਉਣ ਲਈ 2 ਮੀਟਰ ਲੰਬੇ ਸਰੀਏ ਮੋੜ ਕੇ ਇਸ ਤਰ੍ਹਾਂ ਬਣਾ ਲਓ ਕਿ ਜਦੋਂ ਜ਼ਮੀਨ ਵਿੱਚ ਗੱਡੀਏ ਤਾਂ ਇਹਨਾਂ ਦੀ ਉੱਚਾਈ ਜ਼ਮੀਨ ਤੋਂ 45-60 ਸੈਂਟੀਮੀਟਰ ਹੋ ਜਾਏ। ਇਸ ਤੋਂ ਬਾਅਦ ਅਰਧ ਗੋਲਿਆਂ ਉੱਪਰ 100 ਗੇਜ ਦੀਆਂ ਪਲਾਸਟਿਕ ਸ਼ੀਟਾਂ ਵਿਛਾ ਦਿਉ। ਸੁਰੰਗਾਂ ਵਾਲੀ ਤਕਨੀਕ ਮੁੱਖ ਤੌਰ ਤੇ ਨਵੰਬਰ ਤੋਂ ਫਰਵਰੀ ਦੇ ਮਹੀਨੇ ਵਿੱਚ ਵਰਤੀ ਜਾਂਦੀ ਹੈ। ਦਸੰਬਰ ਦੇ ਸ਼ੁਰੂ ਵਿੱਚ ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਲੰਬੇ ਸਰੀਏ ਦੇ ਅਰਧ ਗੋਲਿਆਂ ਨੂੰ ਇਸ ਤਰ੍ਹਾਂ ਗੱਡ ਦਿਉ ਤਾਂ ਜੋ ਬੂਟੇ ਵਿੱਚ ਆ ਜਾਣ। ਫਰਵਰੀ ਦੇ ਮਹੀਨੇ ਵਿੱਚ ਜਦੋਂ ਕੋਰਾ ਖਤਮ ਹੋ ਜਾਵੇ ਤਾਂ ਇਹਨਾਂ ਸ਼ੀਟਾਂ ਨੂੰ ਉਤਾਰ ਦਿਉ। ਇਹ ਤਕਨੀਕ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਲਾਭਦਾਇਕ ਹੈ ਕਿਉਕਿ ਘੱਟ ਸਿੰਚਾਈ ਦੀ ਲੋੜ ਹੁੰਦੀ ਹੈ ਅਤੇ ਇਹ ਦੂਜੀਆਂ ਸੁਰੱਖਿਅਤ ਖੇਤੀ ਦੀਆਂ ਤਕਨੀਕਾਂ ਨਾਲੋਂ ਘੱਟ ਲਾਗਤ ਵਾਲੀ ਹੈ ਤੇ ਇਸਦਾ ਰਖ-ਰਖਾਵ ਵੀ ਸੌਖਾ ਹੈ। ਮਿਰਚ, ਸ਼ਿਮਲਾ ਮਿਰਚ ਅਤੇ ਬੈਂਗਣ ਦੀ ਬਿਜਾਈ ਨਵੰਬਰ ਦੇ ਮਹੀਨੇ ਵਿੱਚ ਕੀਤੀ ਜਾਂਦੀ ਹੈ ਅਤੇ ਇਹਨਾਂ ਨੂੰ ਦਸੰਬਰ ਦੇ ਮਹੀਨੇ ਵਿੱਚ ਸੁਰੰਗਾਂ ਨਾਲ ਢੱਕਿਆ ਜਾਂਦਾ ਹੈ। ਫਰਵਰੀ ਦੇ ਮਹੀਨੇ ਜਦੋਂ ਕੋਰਾ ਖ਼ਤਮ ਹੋ ਜਾਂਦਾ ਹੈ ਤਾਂ ਨੀਵੀਆਂ ਸੁਰੰਗਾਂ ਨੂੰ ਹਟਾ ਦਿੱਤਾ ਜਾਂਦਾ ਹੈ। ਇਸ ਤਕਨੀਕ ਨਾਲ ਤੰਦਰੁਸਤ ਪਨੀਰੀ ਨੂੰ ਉਗਾਇਆ ਜਾ ਸਕਦਾ ਹੈ।

ਕੋਰੇ ਤੋਂ ਸਬਜ਼ੀਆਂ ਨੂੰ ਬਚਾਉਣ ਦਾ ਇੱਕ ਹੋਰ ਢੰਗ ਸਿੰਚਾਈ ਹੈ। ਜਦੋਂ ਮਿੱਟੀ ਸੁੱਕੀ ਹੋਵੇ ਤਦ ਮਿੱਟੀ ਦੇ ਮੁਸਾਮ ਖੁੱਲ੍ਹ ਜਾਂਦੇ ਹਨ। ਜਿਸ ਕਾਰਨ ਮਿੱਟੀ ਵਿੱਚ ਗਰਮੀ ਨੂੰ ਅਦਾਨ-ਪ੍ਰਦਾਨ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਭੂਮੀ ਨੂੰ ਉਸਦੀ ਫੀਲਡ ਕਪੈਸਟੀ ਤੱਕ ਗਿੱਲਾ ਕਰਕੇ ਕੋਰੇ ਤੋਂ ਸਬਜ਼ੀਆਂ ਨੂੰ ਬਚਾਉਣ ਦੀ ਸਮਰੱਥਾ ਵੱਧ ਜਾਂਦੀ ਹੈ। ਮਿੱਟੀ ਨੂੰ ਗਿੱਲਾ ਕਰਨ ਉਪਰੰਤ ਸੂਰਜ ਦੀ ਰੌਸ਼ਨੀ ਨੂੰ ਸਹਿਣ ਕਰਨ ਦੀ ਸਮਰੱਥਾ ਵੀ ਵੱਧ ਜਾਂਦੀ ਹੈ। ਇਸ ਲਈ ਜਦੋਂ ਜ਼ਮੀਨ ਗਿੱਲੀ ਹੋਵੇ, ਤਦ ਵਾਸ਼ਪੀਕਰਨ ਵੱਧ ਜਾਂਦਾ ਹੈ ਅਤੇ ਵਾਸ਼ਪੀਕਰਨ ਦੌਰਾਨ ਪੈਦਾ ਹੋਈ ਊਰਜਾ ਕਾਰਨ ਤਾਪਮਾਨ ਵੱਧਦਾ ਹੈ ਜੋ ਕਿ ਫ਼ਸਲ ਨੂੰ ਕੋਰੇ ਤੋਂ ਬਚਾਉਂਦਾ ਹੈ। ਇਸੇ ਤਰ੍ਹਾਂ ਦਾ ਢੰਗ ਆਲੂਆਂ ਵਿੱਚ ਵੀ ਵਰਤਿਆ ਜਾਂਦਾ ਹੈ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਟਸਐਪ ਰਾਹੀਂ
ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਵੈਟਨਰੀ ਯੂਨੀਵਰਸਿਟੀ ਨੇ ਆਯੋਜਿਤ ਕੀਤਾ ਨੀਲੀ ਰਾਵੀ ਦੁੱਧ ਚੁਆਈ ਮੁਕਾਬਲਾ ਅਤੇ ਕਿਸਾਨ ਮੇਲਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ ਯੂਨੀਵਰਸਿਟੀ, ਲੁਧਿਆਣਾ ਨੇ ਕ੍ਰਿਸੀ ਵਿਗਿਆਨ ਕੇਂਦਰ ਅਤੇ ਮੱਝਾਂ ਬਾਰੇ ਖੇਤਰੀ ਖੋਜ ਅਤੇ ਸਿਖਲਾਈ ਕੇਂਦਰ, ਬੂਹ ਵਿਖੇ ਨੀਲੀ ਰਾਵੀ ਦੁੱਧ ਚੁਆਈ ਮੁਕਾਬਲਾ



ਅਤੇ ਕਿਸਾਨ ਮੇਲਾ ਆਯੋਜਿਤ ਕੀਤਾ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ, ਦਿਲਬਾਗ ਸਿੰਘ ਸੰਧੂ, ਚੇਅਰਮੈਨ, ਮਾਰਕੀਟ ਕਮੇਟੀ, ਹਰੀਕੇ, ਅਤੇ ਦਿਲਜੀਤ ਸਿੰਘ ਗਿੱਲ, ਪ੍ਰਧਾਨ, ਪੀਡੀਐਫਏ ਪੰਜਾਬ ਨੇ ਇਸ ਸਮਾਗਮ ਦੇ ਪੁਰਸਕਾਰ ਵੰਡ ਸਮਾਰੋਹ ਦੀ ਸੋਭਾ ਵਧਾਈ। ਇਹ ਸਮਾਗਮ ਕਿਸਾਨਾਂ ਵਿੱਚ ਨੀਲੀ ਰਾਵੀ ਨਸਲ ਸੁਧਾਰ ਨੂੰ ਉਤਸਾਹਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ।

ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸਕ ਪਸਾਰ ਸਿੱਖਿਆ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਪੰਜਾਬ ਦੀ ਪਸੂ ਪਾਲਣ ਭਲਾਈ ਪ੍ਰਤੀ ਵੈਟਨਰੀ ਯੂਨੀਵਰਸਿਟੀ ਦੀ ਭੂਮਿਕਾ 'ਤੇ ਚਾਨਣਾ ਪਾਇਆ। ਇਸ ਮੁਕਾਬਲੇ ਦਾ ਉਦੇਸ ਪੰਜਾਬ ਵਿੱਚ ਉੱਚ ਦੁੱਧ ਦੇਣ ਵਾਲੀਆਂ ਨੀਲੀ ਰਾਵੀ ਮੱਝਾਂ ਦੀ ਪਛਾਣ ਕਰਨਾ ਅਤੇ ਬਰੀਡਰਾਂ ਨੂੰ ਪ੍ਰੇਰਿਤ ਕਰਨਾ ਸੀ। ਤਰਨਤਾਰਨ ਦੇ ਪਿੰਡ ਜਮਾਲਪੁਰ ਦੇ ਗੁਰਲਾਲ ਸਿੰਘ ਦੀ ਮੱਝ, ਜਿਸਦੀ ਦੁੱਧ ਪੈਦਾਵਾਰ 25.298 ਕਿਲੋਗ੍ਰਾਮ ਸੀ, ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਇਨਾਮ ਕ੍ਰਮਵਾਰ ਪਿੰਡ ਕੋਹਾੜਾ, ਲੁਧਿਆਣਾ ਦੇ ਲਖਵੀਰ ਸਿੰਘ (20.665 ਕਿਲੋਗ੍ਰਾਮ), ਪਿੰਡ ਚੀਮਾ ਕਲਾਂ, ਤਰਨ ਤਾਰਨ ਦੇ ਬਚਿੱਤਰ ਸਿੰਘ (20.184 ਕਿਲੋਗ੍ਰਾਮ), ਪਿੰਡ ਪਿੱਥੋ, ਬਠਿੰਡਾ ਦੇ ਅਮਰੀਕ ਸਿੰਘ (19.868 ਕਿਲੋਗ੍ਰਾਮ) ਅਤੇ ਪਿੰਡ ਚੀਮਾ ਕਲਾਂ, ਤਰਨ ਤਾਰਨ ਦੇ ਸ੍ਰੀ ਗੁਰਮਿਰਾਨ ਸਿੰਘ (18.950 ਕਿਲੋਗ੍ਰਾਮ) ਦੀਆਂ ਮੱਝਾਂ ਨੂੰ ਦਿੱਤਾ ਗਿਆ। ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨ ਲਈ ਕ੍ਰਮਵਾਰ 51,000/-, 31,000/-, 21,000/- ਅਤੇ 5,100/- ਰੁਪਏ ਦੇ ਨਕਦ ਇਨਾਮ ਦਿੱਤੇ ਗਏ।

ਡਾ. ਗਿੱਲ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਅਜਿਹੇ ਮੁਕਾਬਲੇ ਉੱਤਮ ਨਸਲ ਦੀ ਪਛਾਣ ਅਤੇ ਸੰਭਾਲ ਲਈ ਬਹੁਤ ਮਹੱਤਵਪੂਰਨ ਹਨ। ਦਿਲਬਾਗ ਸਿੰਘ ਸੰਧੂ ਨੇ ਵੈਟਨਰੀ ਯੂਨੀਵਰਸਿਟੀ ਨੂੰ ਇਸ ਮਹੱਤਵਪੂਰਨ ਸਮਾਗਮ ਨੂੰ ਸੁਚੱਜੇ ਅਤੇ ਪਾਰਦਰਸੀ ਢੰਗ ਨਾਲ ਆਯੋਜਿਤ ਕਰਨ ਲਈ ਵਧਾਈ ਦਿੱਤੀ ਅਤੇ ਸਥਾਨਕ ਕਿਸਾਨਾਂ ਦੇ ਪੂਰੇ ਸਮਰਥਨ ਦਾ ਭਰੋਸਾ ਦਿੱਤਾ। ਡਾ. ਗਰੇਵਾਲ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਭਵਿੱਖ ਵਿੱਚ ਹੋਰ ਮੁਕਾਬਲੇ ਕਰਵਾਏ ਜਾਣਗੇ। ਪੀ.ਡੀ.ਐਫ.ਏ. ਦੇ ਪ੍ਰਧਾਨ ਦਿਲਜੀਤ ਸਿੰਘ ਗਿੱਲ ਨੇ ਆਪਣੀ ਐਸੋਸੀਏਸਨ ਵੱਲੋਂ ਪਹਿਲੇ ਤਿੰਨ ਸਥਾਨਾਂ ਲਈ ਬਰਾਬਰ ਨਕਦ ਇਨਾਮ ਦਾ ਐਲਾਨ ਕੀਤਾ। ਡਾ. ਪ੍ਰਬਜੀਤ ਸਿੰਘ, ਕੇ.ਵੀ.ਕੇ. ਦੇ ਡਿਪਟੀ ਡਾਇਰੈਕਟਰ ਨੇ ਧੰਨਵਾਦ ਦੇ ਸ਼ਬਦ ਸਾਂਝੇ ਕੀਤੇ।